Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 182 Monday, September 23, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਸ਼ੀਅਰ ਵੱਲੋਂ ਵੈਟਰਨਜ਼ ਲਈ ਪੈਨਸ਼ਨ ਸਿਸਟਮ ਕਾਇਮ ਕਰਨ ਦਾ ਐਲਾਨ

## ਕੰਜ਼ਰਵੇਟਿਵ ਆਗੂ ਨੇ ਵੈਟਰਨਜ਼ ਨਾਲ ਜੁੜੀਆਂ ਅਰਜ਼ੀਆਂ ਦਾ ਬੈਕਲਾਗ ਕਲੀਅਰ ਕਰਨ ਦਾ ਵੀ ਦਿਵਾਇਆ ਭਰੋਸਾ

ਓਟਵਾ, 22 ਸਤੰਬਰ (ਪੋਸਟ ਬਿਊਰੋ): ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਐਤਵਾਰ ਨੂੰ ਸੀਨੀਅਰ ਕੈਨੇਡੀਅਨ ਸੈਨਿਕਾਂ ਦੇ ਹੱਕ ਵਿੱਚ ਨਵੇਂ ਮਾਪਦੰਡਾਂ ਦਾ ਐਲਾਨ ਕੀਤਾ। ਸਾਬਕਾ ਫੌਜੀ ਮੈਂਬਰਾਂ ਲਈ ਉਚੇਚੇ ਤੌਰ ਉੱਤੇ ਐਲਾਨ ਕਰਨ ਵਾਲੇ ਸ਼ੀਅਰ ਪਹਿਲੇ ਆਗੂ ਬਣ ਗਏ ਹਨ।



ਪ੍ਰਿੰਸ ਐਡਵਰਡ ਆਈਲੈਂਡ ਦੇ ਕੈਨੋਏ ਕੋਵ ਉੱਤੇ ਗੱਲ ਕਰਦਿਆਂ ਸ਼ੀਅਰ ਨੇ ਆਖਿਆ ਕਿ ਉਹ ਦੋ ਸਾਲਾਂ ਦੇ ਅੰਦਰ ਅੰਦਰ ਵੈਟਰਨਜ਼ ਨਾਲ ਜੁੜੀਆਂ ਬੈਨੇਫਿਟ ਸਬੰਧੀ ਅਰਜ਼ੀਆਂ ਦਾ ਸਾਰਾ ਬੈਕਲਾਗ ਕਲੀਅਰ ਕਰ ਦੇਣਗੇ। ਉਨ੍ਹਾਂ ਆਖਿਆ ਕਿ ਜਦੋਂ ਤੋਂ ਲਿਬਰਲ ਆਗੂ ਜਸਟਿਨ ਟਰੂਡੋ ਨੇ 2015 ਵਿੱਚ ਸੱਤਾ ਸਾਂਭੀ ਸੀ ਉਦੋਂ ਤੋਂ ਹੀ ਅਜਿਹੀਆਂ ਅਰਜ਼ੀਆਂ ਦਾ ਢੇਰ ਲੱਗਦਾ ਰਿਹਾ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

ਵੈਟਰਨਜ਼ ਅਫੇਅਰਜ਼ ਕੈਨੇਡਾ ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਨਵੰਬਰ ਵਿੱਚ 40,000 ਵੈਟਰਨਜ਼ ਇਸ ਗੱਲ ਦੀ ਉਡੀਕ ਕਰ ਰਹੇ ਸਨ ਕਿ ਕੀ ਉਨ੍ਹਾਂ ਦੀਆਂ ਵਿੱਤੀ ਮਦਦ ਸਬੰਧੀ ਅਰਜ਼ੀਆਂ ਨੂੰ ਮਨਜ਼ੂਰ ਕੀਤਾ ਜਾਵੇਗਾ ਜਾਂ ਨਹੀਂ। ਇਹ ਉਸ ਤੋਂ ਪਿਛਲੇ ਸਾਲ ਦੇ ਮੁਕਾਬਲੇ 11,000 ਵਾਧੂ ਅਰਜ਼ੀਆਂ ਸਨ। ਫਰਵਰੀ ਵਿੱਚ ਲਿਬਰਲ ਬੈਨੇਫਿਟਜ਼ ਸਿਸਟਮ, ਜੋ ਕਿ ਪਹਿਲੀ ਅਪਰੈਲ ਤੋਂ ਲਾਗੂ ਹੋਇਆ ਸੀ,

...ਬਾਕੀ ਪੰਨਾ 6 ’ਤੇ

# ਸੋਨੀਆ ਸਿੱਧੂ ਦੀ ਕੈਂਪੇਨ ’ਚ ਆ ਕੇ ਟਰੂਡੋ ਨੇ ਕੀਤੇ ਵੱਡੇ ਐਲਾਨ

## ਮੱਧ ਵਰਗ ਲਈ ਲਿਬਰਲਾਂ ਵੱਲੋਂ ਟੈਕਸਾਂ ਵਿੱਚ ਕਟੌਤੀਆਂ ਦਾ ਐਲਾਨ, ਸੈੱਲਫੋਨ ਬਿੱਲਜ਼ ਵੀ ਘਟਾਏ ਜਾਣਗੇ

ਓਟਵਾ, 22 ਸਤੰਬਰ (ਪੋਸਟ ਬਿਊਰੋ) : ਬਲੈਕਫੇਸ ਤੇ ਬ੍ਰਾਊਨਫੇਸ ਵਿਵਾਦ ਦਰਮਿਆਨ ਲਿਬਰਲ ਆਗੂ ਜਸਟਿਨ ਟਰੂਡੋ ਨੇ ਐਤਵਾਰ ਨੂੰ ਬਰੈਂਪਟਨ ਸਾਊਥ ਤੋਂ ਲਿਬਰਲ ਉਮੀਦਵਾਰ ਸੋਨੀਆ ਸਿੱਧੂ ਦੀ ਕੈਂਪੇਨ ਵਿੱਚ ਪਹੁੰਚ ਕੇ ਟੈਕਸ ਵਿੱਚ ਕਟੌਤੀਆਂ ਤੇ ਸੈੱਲਫੋਨ ਬਿੱਲਜ਼ ਵਿੱਚ ਕਟੌਤੀਆਂ ਦਾ ਐਲਾਨ ਕੀਤਾ।



ਟਰੂਡੋ ਨੇ ਇਸ ਮੌਕੇ ਆਖਿਆ ਕਿ ਸਾਡੀ ਯੋਜਨਾ ਤਹਿਤ ਮੱਧ ਵਰਗੀ ਕੈਨੇਡੀਅਨਾਂ ਨੂੰ ਆਪਣੀ ਆਮਦਨ ਦੇ ਪਹਿਲੇ 15000 ਡਾਲਰਾਂ ਉੱਤੇ ਟੈਕਸ ਨਹੀਂ ਦੇਣੇ ਪੈਣਗੇ। ਇੱਕ ਨਿਊਜ਼ ਰਲੀਜ਼ ਵਿੱਚ ਲਿਬਰਲਾਂ ਨੇ ਇਹ ਦਾਅਵਾ ਕੀਤਾ ਕਿ ਟੈਕਸ ਵਿੱਚ ਇਨ੍ਹਾਂ ਕਟੌਤੀਆਂ ਕਾਰਨ ਔਸਤ ਕੈਨੇਡੀਅਨ ਪਰਿਵਾਰ ਨੂੰ ਸਾਲ ਦੇ 585 ਡਾਲਰ ਦੀ ਬਚਤ ਹੋਵੇਗੀ। ਇਸ ਤੋਂ ਇਲਾਵਾ ਲਿਬਰਲਾਂ ਨੇ ਇਹ ਵੀ ਆਖਿਆ ਕਿ ਉਹ ਸਾਲ ਵਿੱਚ 147,000 ਡਾਲਰ ਤੋਂ ਵੀ ਘੱਟ ਕਮਾਈ ਕਰਨ ਵਾਲੇ ਕੈਨੇਡੀਅਨਾਂ ਲਈ ਬੇਸਿਕ ਪਰਸਨਲ ਐਮਾਊਂਟ ਟੈਕਸ ਕ੍ਰੈਡਿਟ ਵਿੱਚ 2000 ਡਾਲਰ ਦਾ ਵਾਧਾ ਕਰਨਗੇ। ਟਰੂਡੋ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਸੈੱਲਫੋਨ ਬਿੱਲਜ਼ ਵਿੱਚ 25 ਫੀ ਸਦੀ ਕਟੌਤੀ ਕਰੇਗੀ। ਇਸ ਨਾਲ ਚਾਰ ਜੀਆਂ ਵਾਲੇ ਕੈਨੇਡੀਅਨ ਪਰਿਵਾਰਾਂ ਨੂੰ ਹਰ ਸਾਲ 976 ਡਾਲਰ ਦੀ ਬਚਤ ਹੋਵੇਗੀ।

...ਬਾਕੀ ਪੰਨਾ 6 ’ਤੇ

### ਫੈਡਰਲ ਚੋਣਾਂ 2019

# ਬਰੈਂਪਟਨ ਸਾਊਥ- ਲਿਬਰਲ ਕਬਜ਼ੇ ਵਾਲੀ ਇੱਕ ਦਿਲਚਸਪ ਰਾਈਡਿੰਗ

## ਪੰਜਾਬੀ ਪੋਸਟ ਵਿਸ਼ੇਸ਼



ਸੋਨੀਆ ਸਿੱਧੂ



ਰਮਨ ਬਰਾੜ



ਮਨਦੀਪ ਕੌਰ

ਬਰੈਂਪਟਨ ਸਾਊਥ ਫੈਡਰਲ ਰਾਈਡਿੰਗ ਤੋਂ ਵਰਤਮਾਨ ਵਿੱਚ ਸੋਨੀਆ ਸਿੱਧੂ (ਸਤਿੰਦਰਪਾਲ ਕੌਰ ਸਿੱਧੂ) ਮੈਂਬਰ ਪਾਰਲੀਮੈਂਟ ਹਨ ਜਿਹਨਾਂ ਨੇ ਇਸ ਨਵੀਂ ਬਣੀ ਰਾਈਡਿੰਗ ਤੋਂ 2015 ਵਿੱਚ ਕੰਜ਼ਰਵੇਟਿਵ ਪਾਰਟੀ ਦੇ ਬਰੈਂਪਟਨ ਵੈਸਟ ਤੋਂ ਤਤਕਾਲੀ ਮੈਂਬਰ ਪਾਰਲੀਮੈਂਟ ਕਾਇਲ ਸੀਬੈਕ ਨੂੰ ਮਿਲੀਆਂ 15,929 ਵੋਟਾਂ ਦੇ ਮੁਕਾਬਲੇ 23,681 ਵੋਟਾਂ ਪ੍ਰਾਪਤ ਕਰਕੇ ਹਰਾਇਆ ਸੀ। ਸੋਨੀਆ ਸਿੱਧੂ ਬਾਰੇ ਕਿਹਾ ਜਾ ਸਕਦਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਜਿੰਨੀ ਕੁ ਰਾਈਡਿੰਗ ਵਿੱਚ ਕਾਫੀ ਮਿਹਨਤ ਕੀਤੀ ਪਰ ਨਾਲ ਹੀ ਉਸਨੇ ਮੀਡੀਆ ਖਾਸ ਕਰਕੇ ਪੰਜਾਬੀ ਮੀਡੀਆ ਦੇ ਕੁੱਝ ਆਊਟਲੈੱਟਾਂ ਰਾਹੀਂ ਚਰਚਾ ਵਿੱਚ ਰਹਿਣ ਲਈ ਵੀ ਕਾਫੀ ਮਿਹਨਤ ਕੀਤੀ ਹੈ। ਜਿਵੇਂ ਕਿ ਅਕਸਰ ਹੁੰਦਾ ਹੈ, ਇਸ ਰਾਈਡਿੰਗ ਦੇ ਵੋਟਰਾਂ ਦਾ ਇੱਕ ਹਿੱਸਾ ਸੋਨੀਆ ਦੇ ਚਾਰ ਸਾਲਾਂ ਦੇ ਕਾਰਜਕਾਲ ਤੋਂ ਬਾਅਦ ਥੋੜਾ ਇਹ ਮਹਿਸੂਸ ਕਰਨ ਲੱਗਾ ਹੈ ਕਿ ਉਹਨਾਂ ਦੀਆਂ ਆਸ਼ਾਵਾਂ ਦੇ ਅਨੁਕੂਲ ਕੰਮ ਨਹੀਂ ਹੋਇਆ। ਇਹ ਵੱਖਰੀ ਗੱਲ ਹੈ ਕਿ ਇਹ ਆਸ਼ਾਵਾਂ ਜ਼ਿਆਦਾਤਰ ਕੇਸਾਂ ਵਿੱਚ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਨੂੰ ਭਾਰਤ ਜਾਂ ਹੋਰ ਮੁਲਕਾਂ ਤੋਂ ਵਿਜ਼ਟਰ ਵੀਜ਼ਾ ਦੁਆਉਣ ਦੀ ਮੰਗ ਦੇ ਆਲੇ ਦੁਆਲੇ ਘੁੰਮਦੀਆਂ ਰਹੀਆਂ ਹਨ। ਇਹ ਇੱਕ ਅਜਿਹੀ ਮੰਗ ਹੈ ਜਿਸਨੂੰ ਕਿਸੇ ਵੀ ਮੈਂਬਰ ਪਾਰਲੀਮੈਂਟ ਵਾਸਤੇ ਪੂਰਾ ਕਰਨਾ ਸੌਖਾ ਕੰਮ ਨਹੀਂ ਹੁੰਦਾ, ਸੋ ਸੋਨੀਆ ਸਿੱਧੂ ਕੋਈ ਅਪਵਾਦ ਨਹੀਂ ਹੈ।

ਜੇ ਵਰਤਮਾਨ ਉੱਤੇ ਚੱਲ ਰਹੀ ਜ਼ਮੀਨੀ ਹਕੀਕਤ ਨੂੰ ਲੈ ਕੇ ਗੱਲ ਕੀਤੀ ਜਾਵੇ ਤਾਂ ਕੈਲਕੁਲੇਟਡ ਪਾਲਿ-ਟਿਕਸ (Calculated Politics) ਵੱਲੋਂ ਕੀਤੇ ਗਏ ਵੱਖ 2 ਚੋਣ ਸਰਵੇਖਣਾਂ ਦਾ ਮੁਤਾਲਿਆ ਕਰਨ ਤੋਂ ਬਾਅਦ ਅੰਦਾਜ਼ਾ ਲਾਇਆ ਗਿਆ ਹੈ ਕਿ

...ਬਾਕੀ ਪੰਨਾ 6 ’ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home • Auto • Business • Trucking • Life Insurance • Commercial
647-206-2452 Sukhwinder K Singh
7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
647.990.3205
www.ksgpestcontrol.ca ksgpestcontrol@gmail.com
KSG Pest Control Inc.
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


लोग
con người
લોકો
personas
ਲੋਕ
Our focus is people.
les personnes
لوگ
persone
pessoas
மக்கள்
mga tao
BRAMPTON CITY COUNCIL 2018-2022
We're a city of opportunities. We partner for progress. We celebrate diversity.
Be yourself here. Learn more about living and working in Brampton.
brampton.ca/TOCP
BRAMPTON


ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED
63 Talbot Street
BRAMPTON $729,900
Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,
12 Bluffmeadow Street
BRAMPTON $989,000
Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.
For More listings Visit
anabelaserra.com


RPC
Royal Pizza & Curry Hut
11am - 11pm | 7 Days a Week
184 Main Street South,
Unit D., Brampton
$8.97 +Tax
X-Large (16") Fully Loaded Pizza *With 5 Toppings (Any)
WE SPECIALIZE IN VEGAN FOOD
UNDER $10 CURRIES WITH FREE NAAN
LOTS TO CHOOSE FROM
905-450-2777
647-906-3295
Kotakpura Aata Chicken
Get $5 Off with Special Coupon from PunjabiPost
WAS $25
NOW $20


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਨਰਿੰਦਰ ਮੋਦੀ ਅਮਰੀਕਾ ਵਿੱਚ ਪੁੱਜ ਚੁੱਕੈ,
ਓਥੇ ਪਹੁੰਚ ਗਿਆ ਖਾਨ ਇਮਰਾਨ ਮਿੱਤਰ।
ਭਾਰਤ-ਪਾਕਿ ਵਿੱਚ ਜਿੱਦਾਂ ਦਾ ਪਿਆ ਪੇਚਾ,
ਦੁਨੀਆ ਸਾਰੀ ਦਾ ਇੱਧਰ ਧਿਆਨ ਮਿੱਤਰ।
ਕੌੜਾ ਬੋਲਣ ਤੋਂ ਮੋਦੀ ਨਹੀਂ ਰਹਿਣ ਵਾਲਾ,
ਬਹੁਤੀ ਚੰਗੀ ਨਹੀਂ ਮੂਹਰੇ ਜ਼ਬਾਨ ਮਿੱਤਰ।
ਦੂਜੇ ਮੁਲਕਾਂ ਦੇ ਆਗੂ ਹਨ ਕਹਿਣ ਆਉਂਦੇ,
ਬੋਲਣਾ ਸਿੱਖ ਲੈ ਅਕਲ ਨਾਲ ਖਾਨ ਮਿੱਤਰ।
ਜਾਣਾ ਈ ਦੋਵਾਂ ਟਰੰਪ ਨਾਲ ਕਰਨ ਮੀਟਿੰਗ,
ਮੂਹਰੇ ਉਹ ਵੀ ਆ ਸਿਰੇ ਦਾ ਸਾਊ ਮਿੱਤਰ।
ਅੜਾਉਣੀ ਹੁੰਦੀ ਕੋਈ ਹੱਲ ਜਾਂ ਨਹੀਂ ਭਾਵੇਂ,
ਮਜ਼ਾ ਮੀਟਿੰਗ ਦੀ ਖਬਰ ਦਾ ਆਊ ਮਿੱਤਰ।

ਤੀਸ ਮਾਰ ਖਾਂ

# ਲਿਬਰਲਾਂ ਨਾਲ ਘੱਟਗਿਣਤੀ ਸਰਕਾਰ ਦੀ ਸੰਭਾਵਨਾਂ ਤੋਂ ਜਗਮੀਤ ਸਿੰਘ ਨੇ ਨਹੀਂ ਕੀਤਾ ਇਨਕਾਰ



ਓਟਵਾ, 22 ਸਤੰਬਰ (ਪੋਸਟ ਬਿਊਰੋ) : ਜਸਟਿਨ ਟਰੂਡੋ ਦੀਆਂ ਬਲੈਕਫੇਸ ਤੇ ਬ੍ਰਾਊਨਫੇਸ ਵਾਲੀਆਂ ਤਸਵੀਰਾਂ ਤੇ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਵੀ ਐਨਡੀਪੀ ਆਗੂ ਜਗਮੀਤ ਸਿੰਘ ਨੇ ਲਿਬਰਲਾਂ ਨਾਲ ਘੱਟ ਗਿਣਤੀ ਸਰਕਾਰ ਵਿੱਚ ਰਹਿ ਕੇ ਕੰਮ ਕਰਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਹੈ।

ਐਤਵਾਰ ਨੂੰ ਇੱਕ ਇੰਟਰਵਿਊ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਟਰੂਡੋ ਵੱਲੋਂ ਤਿੰਨ ਵੱਖ ਵੱਖ ਘਟਨਾਵਾਂ ਵਿੱਚ ਆਪਣੇ ਵਿਵਹਾਰ ਉੱਤੇ ਖੁਦ ਹੀ ਅਫਸੋਸ ਪ੍ਰਗਟਾਇਆ ਗਿਆ ਹੈ ਤੇ ਉਹ ਆਪ ਵੀ ਆਪਣੀਆਂ ਇਨ੍ਹਾਂ ਹਰਕਤਾਂ ਨੂੰ ਨਸਲਵਾਦੀ ਦੱਸਦੇ ਹਨ ਤਾਂ ਕੀ ਅਜਿਹੇ ਵਿੱਚ ਲਿਬਰਲਾਂ ਨਾਲ ਘੱਟ ਗਿਣਤੀ ਸਰਕਾਰ ਬਣਾਏ ਜਾਣ ਦੀ ਕੋਈ ਸੰਭਾਵਨਾ ਹੈ ਤਾਂ ਉਨ੍ਹਾਂ ਆਖਿਆ ਕਿ ਜਿਹੜੀ ਪਾਰਟੀ ਐਨਡੀਪੀ ਦੀਆਂ ਅਗਾਂਹਵਧੂ ਨੀਤੀਆਂ ਦੇ ਹਿਸਾਬ ਨਾਲ ਉਨ੍ਹਾਂ ਨਾਲ ਰਲ ਕੇ ਕੰਮ ਕਰਨਾ ਚਾਹੇਗੀ ਤਾਂ ਉਹ ਉਸ ਨਾਲ ਜ਼ਰੂਰ ਕੰਮ ਕਰਨ ਲਈ ਰਾਜ਼ੀ ਹਨ। ਉਨ੍ਹਾਂ ਆਖਿਆ ਕਿ ਉਹ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹਨ ਤੇ ਜੋ ਕੋਈ ਵੀ ਕੈਨੇਡੀਅਨਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆਉਣ ਦੇ ਉਨ੍ਹਾਂ ਦੇ ਟੀਚੇ ਨਾਲ ਸਹਿਮਤ ਹੈ ਤਾਂ ਉਹ ਵੀ ਉਸ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੋਣਗੇ।

ਜਗਮੀਤ ਸਿੰਘ ਇਹ ਵੀ ਆਖ ਚੁੱਕੇ ਹਨ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਕੰਜ਼ਰਵੇਟਿਵ ਘੱਟਗਿਣਤੀ ਸਰਕਾਰ ਬਣਾਉਣ ਵਾਲੀ ਸਥਿਤੀ ਵਿੱਚ ਆਉਣਗੇ। ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ 2005 ਵਿੱਚ ਸਮਲਿੰਗੀ ਵਿਆਹਾਂ ਦੇ ਖਿਲਾਫ ਦਿੱਤੇ ਬਿਆਨ ਦੀ ਲਿਬਰਲਾਂ ਵੱਲੋਂ ਜਾਰੀ ਕੀਤੀ ਗਈ ਵੀਡੀਓ ਦੇ ਸੰਦਰਭ ਵਿੱਚ ਜਗਮੀਤ ਸਿੰਘ ਨੇ ਇਹ ਆਖਿਆ ਸੀ। ਇਸ ਵੀਡੀਓ ਲਈ ਸ਼ੀਅਰ ਵੱਲੋਂ ਮੁਆਫੀ ਵੀ ਨਹੀਂ ਮੰਗੀ ਗਈ। ਉਨ੍ਹਾਂ ਆਖਿਆ ਕਿ ਸ਼ੀਅਰ ਦੀਆਂ ਨੀਤੀਆਂ ਕਿਸੇ ਵੀ ਮਾਮਲੇ ਵਿੱਚ ਸਪਸ਼ਟ ਨਹੀਂ ਹਨ ਇਸ ਲਈ ਉਹ ਉਨ੍ਹਾਂ ਨੂੰ ਸਹਿਯੋਗ ਨਹੀਂ ਦੇ ਸਕਣਗੇ।

ਕਿਸੇ ਵੀ ਪਾਰਟੀ ਨੂੰ ਬਹੁਗਿਣਤੀ ਸਰਕਾਰ ਬਣਾਉਣ ਲਈ ਹਾਊਸ ਆਫ ਕਾਮਨਜ਼ ਦੀਆਂ 338 ਸੀਟਾਂ ਵਿੱਚੋਂ 170 ਸੀਟਾਂ ਉੱਤੇ ਜਿੱਤੇ ਹਾਸਲ ਕਰਨੀ ਹੋਵੇਗੀ। ਮੌਜੂਦਾ ਰੁਝਾਨ ਨੂੰ ਵੇਖਦਿਆਂ ਆਖਿਆ ਜਾ ਸਕਦਾ ਹੈ ਕਿ ਕੰਜ਼ਰਵੇਟਿਵਾਂ ਤੇ ਲਿਬਰਲਾਂ ਦਰਮਿਆਨ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਪਰ ਹੁਣ ਜਦੋਂ ਚੋਣਾਂ ਵਿੱਚ ਕੁੱਝ ਦਿਨ ਹੀ ਬਾਕੀ ਰਹਿ ਗਏ ਹਨ ਤੇ ਹਾਲਾਤ ਤੇਜ਼ੀ ਨਾਲ ਬਦਲ ਵੀ ਸਕਦੇ ਹਨ। ਇਸ ਦੀ ਇੱਕ ਮਿਸਾਲ ਤਾਂ ਟਰੂਡੋ ਦੀਆਂ ਬਲੈਕਫੇਸ ਤੇ ਬ੍ਰਾਊਨਫੇਸ ਵਾਲੀਆਂ ਤਸਵੀਰਾਂ ਦੇ ਸਾਹਮਣੇ ਆਉਣ ਨਾਲ ਲਿਬਰਲਾਂ ਦੀ ਚੋਣ ਕੈਂਪੇਨ ਨੂੰ ਲੱਗੀ ਢਾਹ ਤੋਂ ਸਾਫ ਵੇਖਣ ਨੂੰ ਮਿਲਦੀ ਹੈ।

ਜ਼ਿਕਰਯੋਗ ਹੈ ਕਿ ਇਸ ਚੋਣ ਮੁਹਿੰਮ ਵਿੱਚ ਜਗਮੀਤ ਸਿੰਘ ਹੀ ਅਜਿਹੇ ਆਗੂ ਹਨ ਜਿਹੜੇ ਦੂਜੀ ਨਸਲ ਨਾਲ ਸਬੰਧਤ ਹਨ ਤੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹਨ। ਪਰ ਟਰੂਡੋ ਦੇ ਇਸ ਵਿਵਾਦ ਦੇ ਸਬੰਧ ਵਿੱਚ ਜਿਹੋ ਜਿਹੀ ਹਲੀਮੀ ਦਾ ਸਬੂਤ ਜਗਮੀਤ ਸਿੰਘ ਵੱਲੋਂ ਦਿੱਤਾ ਗਿਆ ਹੈ ਉਸ ਤੋਂ ਸਾਰੇ ਪਾਸੇ ਉਨ੍ਹਾਂ ਦੀ ਸ਼ਲਾਘਾ ਹੋ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਵਿਵਾਦ ਤੋਂ ਜਿਨ੍ਹਾਂ ਲੋਕਾਂ ਦੇ ਦਿਲ ਦੁਖੇ ਹਨ ਉਨ੍ਹਾਂ ਦੇ ਪੱਖ ਉੱਤੇ ਉਹ ਇੱਕਲੇ ਗੱਲ ਨਹੀਂ ਕਰ ਸਕਦੇ। ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਮੌਜੂਦਾ ਘਟਨਾਕ੍ਰਮ ਦੇ ਬਾਵਜੂਦ ਲਿਬਰਲਾਂ ਨਾਲ ਘੱਟ ਗਿਣਤੀ ਸਰਕਾਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਉਹ ਅਜੇ ਬ੍ਰਾਊਨਫੇਸ ਤੇ ਬਲੈਕਫੇਸ ਵਾਲੇ ਮੁੱਦੇ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਟਰੂਡੋ ਨੂੰ ਨਹੀਂ ਮਿਲੇ ਹਨ ਜਦਕਿ ਇਸ ਤਰ੍ਹਾਂ ਦੀ ਮੀਟਿੰਗ ਦੀ ਲਿਬਰਲ ਖੇਮੇ ਵੱਲੋਂ ਗੁਜ਼ਾਰਿਸ਼ ਕੀਤੀ ਗਈ ਸੀ। ਟਰੂਡੋ ਨੇ ਆਖਿਆ ਸੀ ਕਿ ਉਹ ਨਿਜੀ ਤੌਰ ਉੱਤੇ ਜਗਮੀਤ ਸਿੰਘ ਨਾਲ ਮੁਲਾਕਾਤ ਕਰਕੇ ਮੁਆਫੀ ਮੰਗਣਾ ਚਾਹੁੰਦੇ ਹਨ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you The Mortgage Centre Lic#10584
I direct mortgages Inc. 21 Roysun Rd, #6, Woodbridge, ON L4L 8R3 Ph: 905.652.3000 ext 467 | 905.652.300 ext 468 Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047


# ਕੈਪਟਨ ਅਮਰਿੰਦਰ ਨੇ ਹਰਸਿਮਰਤ ਕੌਰ ਬਾਦਲ ਨੂੰ 'ਦਿਮਾਗ਼ੀ ਤੌਰ ਉੱਤੇ ਹਿੱਲ ਚੁੱਕੀ' ਕਿਹਾ



ਚੰਡੀਗੜ੍ਹ, 22 ਸਤੰਬਰ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਦੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਅੱਵਲ ਦਰਜੇ ਦੀ ਝੂਠੀ ਦੱਸਦਿਆਂ ਕਿਹਾ ਕਿ ਏਦਾਂ ਦੇ ਸਿਆਸਤਦਾਨ ਧਰਮ ਦੀ ਆੜ ਵਿਚ ਵੀ ਆਪਣੇ ਸਿਆਸੀ ਮੁਫਾਦ ਸਿੱਧ ਕਰਨ ਵਿਚ ਰਤੀ ਭਰ ਸਰਮ ਨਹੀਂ ਕਰਦੇ।

ਮੁੱਖ ਮੰਤਰੀ ਨੇ ਇਸ ਤਰ੍ਹਾਂ ਦੇ ਗੁੱਸੇ ਦਾ ਪ੍ਰਗਾਟਾਵਾ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਵਰਗੇ ਅਹਿਮ ਮੁੱਦੇਵਾਸਤੇ ਹਰਸਿਮਰਤ ਕੌਰ ਬਾਦਲ ਵਲੋਂ ਕੀਤੀ ਕਥਿਤ 'ਝੂਠੀ ਬਿਆਨਬਾਜ਼ੀ' ਉੱਤੇ ਪ੍ਰਤੀਕਿਰਿਆ ਲਈ ਕੀਤਾ ਹੈ।ਸ੍ਰੀ ਹਰਮੰਦਰ ਸਾਹਿਬ ਨੂੰ ਜੀਐਸਟੀ ਦਾ ਆਪਣਾ ਹਿੱਸਾ ਦੇਣ ਦੀ ਵਚਨਬੱਧਤਾ ਤੋਂ ਸੂਬਾ ਸਰਕਾਰ ਦੇ ਪਿੱਛੇ ਹਟਣ ਬਾਰੇ ਹਰਸਿਮਰਤ ਕੌਰ ਬਾਦਲ ਵਲੋਂ ਲਾਏ ਦੋਸਾਂ ਉੱਤੇ ਤਿੱਖੀ ਪ੍ਰਤੀਕਿਰਿਆ ਦੇਂਦਿਆਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿਕੇਂਦਰ ਦੀਇਸ ਮੰਤਰੀ ਦੇ ਕਈ ਝੂਠਾਂ ਦਾ ਇੱਕ ਹਿੱਸਾ ਇਹ ਵੀ ਹੈ, ਜਿਹੜੀ ਦਿਮਾਗੀ ਤੌਰ ਉੱਤੇ ਹਿੱਲ ਚੁੱਕੀ ਹੈ ਅਤੇ ਲੋਕਾਂ ਨੂੰ ਮੂਰਖ ਬਣਾ ਕੇ ਗੁੰਮਰਾਹ ਕਰਨ ਤੋਂ ਖੁਸ਼ੀ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਉੱਪ ਚੋਣਾਂ ਲੜਨ ਵਾਸਤੇ ਕੋਈ ਪ੍ਰਭਾਵੀ ਮੁੱਦਾ ਨਾ ਹੋਣ ਕਰ ਕੇ ਹਰਸਿਮਰਤ ਕੌਰ ਬਾਦਲ ਅਤੇ ਹੋਰ ਅਕਾਲੀ ਆਗੂ ਲੋਕਾਂ ਨਾਲ ਧੋਖਾ ਕਰਨ ਦੀਆਂ ਨਿਰਾਸ਼ਾਜਨਕ ਕੋਸ਼ਿਸ਼ਾਂ ਲਈ ਇਕ ਵਾਰ ਫਿਰ ਝੂਠ ਬੋਲਣ ਰੁੱਝ ਗਏ ਹਨ।

ਹਰਸਿਮਰਤ ਕੌਰ ਬਾਦਲ ਦੇ ਵਤੀਰੇ ਨੂੰ ਪੂਰੀ ਤਰ੍ਹਾਂ ਅਪਮਾਨ ਜਨਕ ਤੇ ਸਿੱਖ ਵਿਚਾਰਧਾਰਾ ਅਤੇ ਵਿਸਵਾਸਾਂ ਬਾਰੇ ਪੂਰੀ ਤਰਾਂ ਨਿਰਾਦਰ ਵਾਲਾ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਮੰਤਰੀ ਦਾ ਬਿਆਨ ਸੱਚ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਅਤੇ ਵਾਲਮੀਕਿ ਸਥਲ, ਰਾਮ ਤੀਰਥ ਅੰਮ੍ਰਿਤਸਰ ਦੇ ਸਨਮਾਨ ਵਿੱਚ ਨਾ ਕੇਵਲ 100 ਫ਼ੀਸਦੀ ਜੀ ਐਸ ਟੀ ਵਾਪਸ ਦੇਣਾ ਨੋਟੀਫਾਈ ਕੀਤਾ ਹੈ, ਸਗੋਂ ਇਸ ਦੇ ਲਈ ਇਸ ਸਾਲ ਮਈ ਵਿੱਚ ਡਿਪਟੀ ਕਮਿਸਨਰ ਅੰਮ੍ਰਿਤਸਰ ਨੂੰ 4 ਕਰੋੜ ਰੁਪਏ ਅਲਾਟ ਵੀ ਕਰ ਦਿੱਤੇ ਸਨ। ਉਨ੍ਹਾਂਦੁਹਰਾਇਆ ਕਿ ਉਨ੍ਹਾਂ ਦੀ ਸਰਕਾਰ ਨਾ ਕੇਵਲ ਮੌਜੂਦਾ ਸਾਲ ਲਈ ਜੀ ਐਸ ਟੀ ਦਾ ਪੰਜਾਬ ਵਾਲਾ ਹਿੱਸਾ ਵਾਪਸ ਕਰਨ ਲਈ ਵਚਨਬੱਧ ਹੈ, ਸਗੋਂ 1 ਅਗਸਤ 2017 ਤੋਂ ਤਿੰਨਾਂ ਪਵਿੱਤਰ ਸਥਾਨਾਂ ਲਈ ਜੀਐਸਟੀ ਮੋੜਨਲਈ ਵੀ ਵਚਨਬੱਧ ਹੈ। ਕੈਪਟਨ ਅਮਰਿੰਦਰ ਸਿੰਘ ਨੇ ਦਸਿਆ ਕਿ ਬੱਜਟ ਸਮਾਗਮ ਵਿਚ ਪੰਜਾਬ ਵਿਧਾਨ ਸਭਾ ਵਲੋਂ ਲੋੜੀਂਦੀਆਂ ਬੱਜਟ ਪ੍ਰਵਾਨਗੀਆਂ ਮਗਰੋਂ ਮਾਲ ਵਿਭਾਗ ਵਲੋਂ ਡਿਪਟੀ ਕਮਿਸ਼ਨਰ ਨੂੰ 4 ਕਰੋੜ ਰੁਪਏ ਅਲਾਟ ਹੋ ਚੁੱਕੇ ਹਨ। ਇਸ ਤੋਂ ਇਲਾਵਾ ਵਿੱਤ ਵਿਭਾਗ ਨੇ ਤਿਮਾਹੀ ਆਧਾਰ ਉੱਤੇ ਇਸ ਨੂੰ ਜਾਰੀ ਕਰਨ ਵੀ ਢਿੱਲ ਦਿੱਤੀ ਹੈ। ਉਨ੍ਹਾਂ ਦਸਿਆ ਕਿ ਫੰਡਾਂ ਦਾ ਬਿਨਾਂ ਅੜਚਣ ਤਬਾਦਲਾ ਯਕੀਨੀ ਕਰਨ ਲਈ ਸਮੁੱਚਾ ਅਨੁਮਾਨਿਤ ਬੱਜਟ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਡਿਸਪੋਜਲ ਉੱਤੇ ਰੱਖਿਆ ਹੈ ਤਾਂ ਜੋ ਉਸ ਨੂੰ ਵਾਰ-ਵਾਰ ਸੂਬਾ ਹੈਡਕੁਆਰਟਰ ਕੋਲ ਭੱਜਣ ਦੀ ਲੋੜ ਨਾ ਪਵੇ। ਉਨ੍ਹਾਂ ਕਿਹਾ ਕਿ ਹਰਸਿਮ-ਰਤ ਕੌਰ ਬਾਦਲ ਜਾਣ ਬੁੱਝ ਕੇ ਇਸ ਮੁੱਦੇ ਨੂੰ ਲੋਕਾਂ ਵਿੱਚ ਲਿਜਾ ਰਹੀ ਹੈ ਤੇ ਇਸਨੂੰ ਵਾਧੂ ਦਾ ਸਿਆਸੀ ਏਜੰਡਾ ਬਣਾਉਣ ਉੱਤੇ ਤੁਲੀ ਹੋਈ ਹੈ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਤਿੰਨਾਂ ਧਾਰਮਿਕ ਸਥਾਨਾਂ ਨੂੰ ਜੀਐਸਟੀ ਦੇ ਮੁੜ ਭੁਗਤਾਨ ਨੂੰ ਸਮੇਂ ਸਿਰ ਤੇ ਬਿਨਾਂ ਅੜਚਣ ਯਕੀਨੀ ਕਰਨ ਲਈ ਮਾਲ ਵਿਭਾਗ ਨੂੰ ਹਦਾਇਤਾਂ ਦੇ ਦਿੱਤੀਆਂ ਹਨ। ਉਨਾਂ ਨੇ ਹਰਸਿਮਰਤ ਕੌਰ ਨੂੰ ਅਜਿਹਾ ਝੂਠ ਨਾ ਬੋਲਣ ਲਈ ਕਿਹਾ, ਜਿਹੜਾ ਉਸੇ ਨੂੰ ਸ਼ਰਮਿੰਦਾ ਕਰੇ। ਉਨਾਂ ਕਿਹਾ ਕਿ ਜੇ ਉਸ ਨੂੰ ਆਪਣਾ ਅਤੇ ਆਪਣੇ ਧਰਮ ਦਾ ਕੋਈ ਸਤਿਕਾਰ ਹੈ ਤਾਂ ਝੂਠ ਤੋਂ ਪਰੇ ਰਹੇ, ਹਰਸਿਮਰਤ ਕੌਰ ਦੇ ਝੂਠ ਦਾ ਹਰ ਸਮੇਂ ਪਰਦਾ ਫਾਸ਼ ਹੋਣ ਦੇ ਬਾਵਜੂਦ ਉਸ ਵਲੋਂ ਲਗਾਤਾਰ ਝੂਠ ਬੋਲਣ ਉੱਤੇ ਮੁੱਖ ਮੰਤਰੀ ਨੇ ਹੈਰਾਨੀ ਪ੍ਰਗਟ ਕੀਤੀ ਤੇ ਕਿਹਾ ਕਿ ਉਹ ਸਿਆਸਤ ਕਰਦੀ ਹੋਈ ਘਟੋ ਘੱਟ ਧਰਮ ਨੂੰ ਹੀ ਸਿਆਸਤ ਤੋਂ ਬਾਹਰ ਰੱਖ ਸਕਦੀ ਹੈ।


ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary + Commision, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA 905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI) 416-454-3031 647-784-8240
CANADIAN GLASS AND WINDOW
Email: tochisangha1@hotmail.com

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

# ਸਿੱਖ ਆਗੂਆਂ ਵੱਲੋਂ ਪ੍ਰੋਗਰਾਮ ਤੋਂ ਪਹਿਲਾਂ ਮੋਦੀ ਦਾ ਸਵਾਗਤ

## * ਮੋਦੀ ਨੇ ਕਿਹਾ: ਤੁਹਾਡੇ ਲਈ ਚੰਗੀ ਖਬਰ ਹੈ, ਕੁਝ ਦਿਨ ਉਡੀਕ ਕਰੋ



ਹਿਊਸਟਨ, 22 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅੱਜ ਏਥੇ ਸਿੱਖ ਭਾਈਚਾਰੇ ਦਾ ਇੱਕ ਵਫ਼ਦ ਜਦੋਂ ਸਵਾਗਤ ਕਰਨ ਦੇ ਲਈ ਮਿ- ਲਿਆ ਤਾਂ ਮੋਦੀ ਨੇ ਕਿਹਾ ਕਿ ਸਿੱਖਾਂ ਲਈ ਉਨ੍ਹਾਂ ਕੋਲ ਕੁਝ ਚੰਗੀ ਖ਼ਬਰ ਹੈ, ਪਰ ਇਸ ਨੂੰ ਜਾਣਨ ਲਈ ਉਨ੍ਹਾਂ ਨੂੰ ਕੁਝ ਦਿਨ ਉਡੀਕ ਕਰਨੀ ਪਵੇਗੀ।

ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਲਈ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੇ ਸਿੱਖਾਂ ਦੇ 50 ਮੈਂਬਰੀ ਵਫ਼ਦ ਨੇ ਕਾਲੀ ਸੂਚੀ ਵਿਚੋਂ 312 ਸਿੱਖ ਪਰਵਾਸੀਆਂ ਦੇ ਨਾਂ ਬਾਹਰ ਕਰਨ ਦੇ ਭਾਰਤ ਸਰਕਾਰ ਦੇ ਫ਼ੈਸਲੇਲਈ ਮੋਦੀ ਦਾ ਧੰਨਵਾਦ ਕੀਤਾ। ਸਮਝਿਆ ਜਾਂਦਾ ਹੈ ਕਿ ਇਨ੍ਹਾਂ 312 ਸਿੱਖ ਪਰਵਾਸੀਆਂ ਨੂੰ ਭਾਰਤ ਵਿਰੋਧੀ ਸਰਗਰਮੀਆਂ ਦੇ ਕਾਰਨ ਕਾਲੀ ਸੂਚੀ ਵਿਚ ਪਾਇਆ ਗਿਆ ਸੀ। ਪਿਛਲੇ ਦਿਨੀਂ ਵੱਖ-ਵੱਖ ਜਾਂਚ ਏਜੰਸੀਆਂ ਦੀ ਜਾਂਚਪਿੱਛੋਂ ਇਨ੍ਹਾਂ ਨੂੰ ਸੂਚੀ ਤੋਂ ਬਾਹਰ ਕੱਢਿਆ ਗਿਆ ਹੈ। ਸਿੱਖਾਂ ਦੇ ਵਫ਼ਦ ਵਿਚ ਸ਼ਾਮਲ ਗੁਰਿੰਦਰ ਸਿੰਘ ਖ਼ਾਲਸਾ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਤੋਂ ਸਿੱਖ ਸਿਆਸੀ ਸ਼ਰਨਾਰਥੀਆਂ ਨੂੰ ਵੀਜ਼ਾ ਅਤੇ ਪਾਸਪੋਰਟ ਦੇਣ ਦੀ ਮੰਗ ਕੀਤੀ ਹੈ, ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣਾ ਹੈ, ਇਸ ਮੌਕੇ ਅਮਰੀਕਾ ਤੋਂਵੱਡੀ ਗਿਣਤੀ ਸਿੱਖਾਂ ਦਾ ਭਾਰਤ ਜਾਣਾ ਮਹੱਤਵਪੂਰਨ ਹੈ।

ਇਸ ਵਫਦ ਨੂੰ ਮਿਲਣ ਮਗਰੋਂਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਹਿਊਸਟਨ ਵਿੱਚ ਸਿੱਖ ਭਾਈਚਾਰੇ ਦੇ ਲੋਕਾਂ ਨਾਲ ਸ਼ਾਨਦਾਰ ਮੁਲਾਕਾਤ ਹੋਈ। ਭਾਰਤ ਦੇ ਵਿਕਾਸ ਪ੍ਰਤੀ ਉਨ੍ਹਾਂ ਦਾ ਉਤਸ਼ਾਹ ਦੇਖ ਕੇ ਮੈਂ ਬਹੁਤ ਖ਼ੁਸ਼ ਹਾਂ। ਮੋਦੀ ਨੇ ਕਿਹਾ ਕਿ ਉਨ੍ਹਾਂ ਕੋਲ ਸਿੱਖਾਂ ਲਈ ਇਕ 'ਸਰਪ੍ਰਾਈਜ਼' ਅਤੇ ਚੰਗੀ ਖ਼ਬਰ ਹੈ, ਬਸ ਕੁਝ ਦਿਨ ਉਡੀਕ ਕਰਨੀ ਪਵੇਗੀ।

ਗੁਰਿੰਦਰ ਸਿੰਘ ਖ਼ਾਲਸਾ ਨੇ ਕਿਹਾ, 'ਮੋਦੀ ਨੂੰ ਮਿਲਣਾ ਸ਼ਾਨਦਾਰ ਮੌਕਾ ਸੀ। ਉਹ ਸਿੱਖ ਭਾਈਚਾਰੇ ਨਾਲ ਕੀਤਾ ਹਰ ਵਾਅਦਾ ਪੂਰਾ ਕਰ ਰਹੇ ਹਨ। ਉਹ ਦਿਲੋਂ ਬੋਲਦੇ ਹਨ ਤੇ ਸਿੱਖ ਭਾਈਚਾਰੇ ਦੇ ਸੱਚੇ ਦੋਸਤ ਹਨ।' ਵਫ਼ਦ ਨੇ ਮੋਦੀ ਨੂੰ ਯਾਦ ਪੱਤਰ ਵੀ ਸੌਂਪਿਆ, ਜਿਸ ਵਿਚ ਸਿੱਖ ਭਾਈਚਾਰੇ ਦੀ ਪੂਰੀਆਂ ਹੋਈਆਂ ਮੰਗਾਂ ਲਈ ਧੰਨਵਾਦ ਕੀਤਾ ਗਿਆ। ਪੱਤਰ ਵਿਚ 1984 ਦੇ ਸਿੱਖ ਦੰਗਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਲਈ ਮੋਦੀ ਦਾ ਧੰਨਵਾਦ ਕਰਨ ਦੇ ਨਾਲ ਕਰਤਾਰਪੁਰਦੇ ਲਾਂਘੇ ਬਾਰੇ ਭਾਰਤ ਸਰਕਾਰ ਦੇ ਕਦਮਾਂ ਦੀ ਸ਼ਲਾਘਾ ਕੀਤੀ ਗਈ। ਇਕ ਸਿੱਖ ਨੁਮਾਇੰਦੇ ਨੇ ਮੋਦੀ ਨੂੰ 'ਟਾਈਗਰ' ਕਿਹਾ। ਇਸ ਯਾਦ ਪੱਤਰ ਵਿਚ ਸਿੱਖ ਭਾਈਚਾਰੇ ਨੂੰ ਵੱਖਰਾ ਧਰਮ ਐਲਾਨੇ ਜਾਣ ਦੀ ਮੰਗ ਕੀਤੀ ਅਤੇ ਦੱਸਿਆ ਗਿਆ ਕਿ ਸੰਵਿਧਾਨ ਵਿਚ ਸਿੱਖ, ਬੋਧੀਅਤੇ ਜੈਨ ਧਰਮ ਨੂੰ ਹਿੰਦੂ ਧਰਮ ਦੀ ਸ਼ਾਖਾ ਮੰਨਿਆ ਗਿਆ ਹੈ।

# ਹਾਊਡੀ ਮੋਦੀ ਪ੍ਰੋਗਰਾਮ: ਮੋਦੀ ਨੇ ਅਮਰੀਕਾ ਵਿੱਚ ਕਿਹਾ: ਅੱਤਵਾਦ ਵਿਰੁੱਧ ਫੈਸਲਾਕੁਨ ਲੜਾਈ ਦਾ ਵਕਤ ਆ ਗਿਐ

## * ਟਰੰਪ ਦੀ ਚੋਣ ਦਾ ਚੱਕਾ ਵੀ ਗੇੜ ਦਿੱਤਾ



ਹਿਊਸਟਨ, 22 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਹਿਊਸਟਨ ਵਿਚ ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅੱਤਵਾਦ ਦੇ ਖਿਲਾਫ ਨਿਰਨਾਇਕ ਲੜਾਈ ਲੜਨ ਦਾ ਵਕਤ ਆ ਗਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕੁਝ ਲੋਕ ਗੜਬੜ ਚਾਹੁੰਦੇ ਹਨ, ਅੱਤਵਾਦ ਨੂੰ ਪਾਲਦੇ-ਪੋਸਦੇ ਹਨ ਤਾਂ ਉਨ੍ਹਾਂ ਦੀ ਪਛਾਣ ਸਾਰੀ ਦੁਨੀਆ ਨੂੰ ਚੰਗੀ ਤਰ੍ਹਾ ਹੈ। ਪਾਕਿ- ਸਤਾਨ ਦਾ ਨਾਂਅ ਲਏ ਬਿਨਾਂ ਮੋਦੀ ਨੇ ਕਿਹਾ ਕਿ ਅੱਤਵਾਦ ਦੇ ਖਿਲਾਫ ਫੈਸਲਾਕੁਨ ਲੜਾਈ ਦੀ ਲੋੜ ਹੈ ਤੇ ਇਸ ਦਾ ਵਕਤ ਆ ਚੁੱਕਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਬਹੁਤ ਕੁਝ ਹੋ ਰਿਹਾ ਹੈ, ਕੁਝ ਲੋਕ ਕੁਝ ਚੰਗਾ ਕਰਨ ਦਾ ਇਰਾਦਾ ਲੈ ਕੇ ਚੱਲਦੇ ਹਨ, ਸਮੱਸਿਆਵਾਂ ਦਾ ਹੱਲ ਕੱਢਣਾ ਚਾਹੁੰਦੇ ਹਨ ਤਾਂ ਭਾਰਤ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਅਸੀਂ ਚੁਣੌਤੀਆਂ ਨੂੰ ਟਾਲਦੇ ਨਹੀਂ, ਇਨ੍ਹਾਂ ਦਾ ਹੱਲ ਕੱਢਣ ਲਈ ਚੁਣੌਤੀਆਂ ਨਾਲ ਸਿਧਾ ਟਕਰਾ ਰਹੇ ਹਾਂ।ਉਨ੍ਹਾਂ ਨੇ ਇਕ ਕਵਿਤਾ ਪੜ੍ਹੀ: 'ਵੋ ਜੋ ਮੁਸ਼ਕਿਲੋਂ ਕਾ ਅੰਬਾਰ ਹੈ। ਵਹੀ ਤੋ ਮੇਰੇ ਹੌਸਲੋਂ ਕੀ ਮੀਨਾਰ ਹੈ।' ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹਾਜ਼ਰੀ ਵਿਚ ਬੋਲ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਸ਼ਣ ਵਿਚ ਕਿਹਾ ਕਿ ਟਰੰਪ ਮੈਨੂੰ ਟਫ ਨਿਗੋਸ਼ੀਏਟਰ ਕਹਿੰਦੇ ਹਨ, ਪਰ ਖ਼ੁਦ 'ਆਰਟ ਆਫ ਦ ਡੀਲ' ਦੇ ਮਾਸਟਰ ਹਨ। ਮੋਦੀ ਨੇ ਕਿਹਾ ਕਿ ਭਾਰਤ ਅਸੰਭਵ ਚੀਜ਼ਾਂ ਨੂੰ ਸੰਭਵ ਕਰਕੇ ਦਿਖਾ ਰਿਹਾ ਹੈ। ਇਸ ਨੇ 5 ਟ੍ਰਿਲੀਅਨ ਇਕਾਨਮੀ ਲਈਕਮਰ ਕੱਸ ਲਈ ਹੈ। ਆਉਣ ਵਾਲੇ ਦੋ-ਤਿੰਨ ਦਿਨਾਂ ਵਿਚ ਮੇਰੀ ਟਰੰਪ ਨਾਲ ਗੱਲਬਾਤ ਹੋਣ ਵਾਲੀ ਹੈ। ਮੈਨੂੰਆਸ ਹੈ ਕਿ ਉਸ ਦੇ ਚੰਗੇ ਨਤੀਜੇ ਆਉਣਗੇ। ਸਾਡੀ ਸਰਕਾਰ ਵਿਚ ਅਸੀਂ ਭਾਰਤੀ ਡਾਇਸਪੋਰਾ ਨਾਲ ਗੱਲਬਾਤ ਦੇ ਢੰਗ ਬਦਲ ਦਿੱਤੇ ਹਨ। ਤੁਸੀਂ ਲੋਕ ਦੇਸ਼ ਤੋਂ ਦੂਰ ਹੋ, ਪਰ ਤੁਹਾਡਾ ਦੇਸ਼ ਤੁਹਾਡੇ ਤੋਂ ਦੂਰ ਨਹੀਂ ਹੈ।

ਬਾਕੀ ਗੱਲਾਂ ਦੇ ਨਾਲ ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਨਰਿੰਦਰ ਮੋਦੀ ਨੇ ਆਪਣੇ ਨਾਲ ਖੜੇ ਅਮਰੀਕ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹ ਦਿੱਤੇ ਤੇ ਕਿਹਾ ਕਿ ਟਰੰਪ ਵਰਗਾ ਵਿਅਕਤੀ ਸੰਸਾਰ ਭਰ ਵਿਚ ਮਿਲਣਾ ਮੁਸ਼ਕਲ ਹੈ। ਉਨ੍ਹਾਂ ਭਾਸ਼ਣ ਦੇ ਸ਼ੁਰੂ ਵਿਚ ਕਿਹਾ ਕਿ 'ਅੱਜ ਸਾਡੇ ਕੋਲ ਬੜਾ ਹੀ ਖਾਸ ਸ਼ਖਸ ਖੜਾ ਹੈ, ਜਿਸ ਦੀ ਜਾਣ- ਪਛਾਣ ਕਰਾਉਣ ਦੀ ਲੋੜ ਨਹੀ, ਉਸ ਨੇ ਸੰਸਾਰ ਦੀ ਸਿਆਸਤ ਉੱਤੇ ਡੂੰਘੀ ਛਾਪ ਛੱਡੀ ਹੈ।' ਇਸ ਦੇ ਬਾਅਦ ਮੋਦੀ ਨੇ ਭਾਰਤ ਵਿਚ 'ਅਬ ਕੀ ਬਾਰ, ਮੋਦੀ ਸਰਕਾਰ' ਦੇ ਨਾਅਰੇ ਵਾਂਗ 'ਅਬ ਕੀ ਬਾਰ, ਟਰੰਪ ਸਰਕਾਰ' ਦੀ ਗੱਲ ਵੀ ਅੱਗੇ ਤੋਰ ਦਿੱਤੀ।ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਮੇਤ ਪਰਿਵਾਰ ਭਾਰਤ ਆਉਣ ਦਾ ਸੱਦਾ ਵੀ ਦੇ ਦਿੱਤਾ।

ਨਰਿੰਦਰ ਮੋਦੀ ਨੇ ਕਿਹਾ ਕਿ ਮੈਂ ਏਥੇ ਜ਼ੋਰ ਦੇ ਕੇ ਕਹਿਣਾ ਚਾਹਾਂਗਾ ਕਿ ਅੱਤਵਾਦ ਖਿਲਾਫ ਲੜਾਈ ਵਿਚ ਪ੍ਰੈਜ਼ੀਡੈਂਟ ਟਰੰਪ ਪੂਰੀ ਮਜ਼ਬੂਤੀ ਨਾਲ ਖੜੇ ਹੋਏ। ਮੋਦੀ ਨੇ ਕਿਹਾ ਕਿ ਅਮਰੀਕਾ ਵਿਚ 9/11 ਹੋਵੇ ਜਾਂ ਮੁੰਬਈ ਵਿਚ 26/11 ਹੋਣ, ਉਸ ਦੇ ਸਾਜ਼ਿਸ਼ਕਰਤਾ ਕਿੱਥੇ ਪਾਏ ਜਾਂਦੇ ਹਨ? ਸਾਥੀਓ, ਸਮਾਂ ਆ ਗਿਆ ਹੈ ਕਿ ਅੱਤਵਾਦ ਦੇ ਖ਼ਿਲਾਫ਼ ਅਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲਿਆਂ ਦੇ ਖ਼ਿਲਾਫ਼ ਫ਼ੈਸਲਕੁਨ ਲੜਾਈ ਲੜੀ ਜਾਵੇ। ਉਨ੍ਹਾ ਕਿਹਾ ਕਿ ਭਾਰਤ ਆਪਣੇ ਦੇਸ਼ ਵਿਚ ਜੋ ਕੁਝ ਕਰਦਾ ਹੈ, ਉਸ ਨਾਲ ਕੁਝ ਅਜਿਹੇ ਲੋਕਾਂ ਨੂੰ ਦਿੱਕਤ ਹੁੰਦੀ ਹੈ, ਜਿਨ੍ਹਾਂ ਤੋਂ ਆਪਣਾ ਦੇਸ਼ ਨਹੀਂ ਸਾਂਭਿਆ ਜਾ ਰਿਹਾ। ਇਨ੍ਹਾਂ ਨੇ ਭਾਰਤ ਪ੍ਰਤੀ ਨਫ਼ਰਤ ਨੂੰ ਹੀ ਆਪਣੀ ਰਾਜਨੀਤੀ ਦਾ ਕੇਂਦਰ ਬਣਾ ਲਿਆ ਹੈ। ਇਹ ਲੋਕਗੜਬੜ ਚਾਹੁੰਦੇ ਹਨ, ਅੱਤਵਾਦ ਦੇ ਹਮਾਇਤੀ ਹਨ ਅਤੇ ਅੱਤਵਾਦ ਨੂੰ ਪਾਲਦੇ-ਪੋਸਦੇ ਹਨ, ਉਨ੍ਹਾਂ ਦੀ ਪਛਾਣ ਸਿਰਫ਼ ਤੁਸੀਂ ਨਹੀਂ ਜਾਣਦੇ, ਪੂਰੀ ਦੁਨੀਆ ਵੀ ਚੰਗੀ ਤਰ੍ਹਾਂ ਜਾਣਦੀ ਹੈ। ਇਸ ਸਮਾਗਮ ਦੌਰਾਨ ਨਰਿੰਦਰ ਮੋਦੀ ਦੋ ਵਾਰੀਆਂ ਵਿਚ ਕੁੱਲ ਮਿਲਾ ਕੇ 65 ਮਿੰਟ ਬੋਲੇ, ਪਰ ਰਾਸ਼ਟਰਪਤੀ ਟਰੰਪ ਸਿਰਫ 26 ਮਿੰਟ ਬੋਲੇ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਸੀਂ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰ ਦਿੱਤੀ ਹੈ। ਧਾਰਾ 370 ਨੇ ਜੰਮੂ- ਕਸ਼ਮੀਰ ਤੇ ਲੱਦਾਖ ਦੇ ਲੋਕਾਂ ਨੂੰ ਵਿਕਾਸ ਅਤੇ ਬਰਾਬਰ ਅਧਿਕਾਰਾਂ ਤੋਂ ਵਾਂਝੇ ਰੱਖਿਆ ਸੀ। ਇਸ ਦਾ ਲਾਭ ਅੱਤਵਾਦ ਤੇ ਵੱਖਵਾਦ ਵਧਾਉਣ ਵਾਲੀਆਂ ਤਾਕਤਾਂ ਲੈ ਰਹੀਆਂ ਹਨ। ਭਾਰਤੀ ਸੰਵਿਧਾਨ ਨੇ ਜੋ ਅਧਿਕਾਰ ਬਾਕੀ ਭਾਰਤੀਆਂ ਨੂੰ ਦਿੱਤੇ ਹਨ, ਉਹੀ ਅਧਿਕਾਰ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਮਿਲ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਕਈ ਪੁਰਾਣੇ ਕਾਨੂੰਨਾਂ ਨੂੰ ਖਤਮ ਕੀਤਾ ਹੈ। ਟੈਕਸ ਦਾ ਜਾਲ ਵਲ੍ਹੇਟਿਆ ਤੇ ਜੀ ਐੱਸ ਟੀ ਲਾਗੂ ਕੀਤਾ ਹੈ। ਡੇਢ ਲੱਖ ਕਰੋੜ ਰੁਪਏ ਗਲਤ ਹੱਥਾਂ ਵਿਚ ਜਾਣ ਤੋਂ ਰੋਕੇ ਤੇ ਤਰੱਕੀ ਲਈ ਆਮ ਲੋਕਾਂ ਨੂੰ ਮੌਕੇ ਪੇਸ਼ ਕੀਤੇ ਹਨ।

ਊਰਜਾ ਦੇ ਖੇਤਰ ਵਿਚਸਾਰੀ ਦੁਨੀਆ ਵਿਚ ਜਾਣਿਆ ਜਾਣ ਵਾਲਾ ਹਿਊਸਟਨ ਸ਼ਹਿਰ ਐਤਵਾਰ ਦੀ ਸ਼ਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵਾਗਤ ਵਿਚ ਬੇਹਿਸਾਬ ਤੇਜ਼ੀ ਨਾਲ ਭਰਿਆ ਅਤੇ 'ਹਾਉਡੀ ਮੋਦੀ' ਦੇ ਮੈਗਾ ਇਵੈਂਟ ਵਾਸਤੇਗਵਾਹ ਬਣਿਆ। ਐਨ ਆਰ ਜੀ ਸਟੇਡੀਅਮ 'ਭਾਰਤ ਮਾਤਾ ਦੀ ਜੈ', 'ਵੈਲਕਮ ਮੋਦੀ'ਅਤੇ 'ਮੋਦੀ-ਮੋਦੀ' ਦੇ ਨਾਅਰਿਆਂ ਨਾਲ ਲਗਾਤਾਰ ਗੂੰਜਦਾ ਰਿਹਾ, ਜਿਸ ਵਿਚ 50 ਹਜ਼ਾਰ ਤੋਂ ਵੱਧ ਭਾਰਤੀ ਅਮਰੀਕੀਆਂ ਦੀ ਭੀੜ ਇਸ ਤਰ੍ਹਾਂ ਆਈ ਹੋਈ ਸੀ ਕਿ ਉਸ ਨਾਲ ਨੱਕੋ-ਨੱਕ ਭਰਿਆ ਸਟੇਡੀਅਮ ਮਿੰਨੀ ਇੰਡੀਆ ਬਣ ਗਿਆ ਜਾਪਦਾ ਸੀ। ਪ੍ਰੋਗਰਾਮ ਦੇ ਮੰਚ ਉੱਤੇ90 ਮਿੰਟ ਤਕ 'ਸ਼ੇਅਰਡ ਡ੍ਰੀਮਸ, ਬ੍ਰਾਈਟ ਫਿਊਚਰ' ਦੀ ਥੀਮ ਉੱਤੇਭਾਰਤੀ ਨ੍ਰਿਤ ਅਤੇ ਸੰਗੀਤ ਦੇ ਪ੍ਰੋਗਰਾਮ ਕੀਤੇ ਗਏ। ਤਿੰਨ ਘੰਟੇ ਤੋਂ ਵੱਧ ਚੱਲੇ ਸਮਾਰੋਹ ਵਿਚਮੋਦੀ ਦਾ ਸਵਾਗਤ ਭਾਰਤੀ ਅਮਰੀਕੀ ਲੋਕਾਂ ਨੇ ਪੂਰੇ ਉਤਸ਼ਾਹ ਨਾਲ ਕੀਤਾ।

ਮਿਲੀ ਰਿਪੋਰਟ ਅਨੁਸਾਰ ਉਤਸਵ ਅਤੇ ਉਤਸ਼ਾਹ ਦੇ ਮਾਹੌਲ ਵਿਚ ਹਿਊਸਟਨ ਦੇ ਐਨ ਆਰਜੀ ਸਟੇਡੀਅਮਦੇ ਅੰਦਰ ਹੋਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਨਾਲ ਹੋਈ ਅਤੇ ਗ੍ਰੇਟਰ ਸਿਨਸਿਨਾਟੀ ਦੀ ਗੁਰੂ ਨਾਨਕ ਸੁਸਾਈਟੀ ਦੇ ਕੀਰਤਨੀ ਜਥੇ ਨੇ ਪੂਰਾ ਸਟੇਡੀਅਮ ਮੰਤਰ ਮੁਗਧ ਕਰ ਦਿੱਤਾ। ਇਸ ਸਟੇਡੀਅਮ ਵਿਚਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਆਉਣ ਤੋਂ ਪਹਿਲਾਂ ਓਡੀਸੀ ਨ੍ਰਿਤ, ਬਾਂਗਲਾ ਗੀਤ, ਭੰਗੜਾ, ਡਾਂਡੀਆ ਅਤੇ ਕਈ ਲੋਕ-ਨਾਚ ਪੇਸ਼ ਕੀਤੇ ਗਏ। ਖ਼ਾਸ ਕਰ ਭੰਗੜੇ ਦੌਰਾਨ ਮੰਚ ਦੇ ਹੇਠਾਂ ਵੀ ਕਈ ਦਰਸ਼ਕ ਢੋਲ ਦੇ ਡੱਗੇ ਉੱਤੇ ਨੱਚਦੇ ਵੇਖੇ ਗਏ। ਇਨ੍ਹਾਂ ਰੰਗਾ ਰੰਗ ਪ੍ਰੋਗਰਾਮਾਂ ਵਿਚ 400 ਤੋਂ ਵੱਧ ਕਲਾਕਾਰ ਸ਼ਾਮਲ ਹੋਏ ਦੱਸੇ ਗਏ ਹਨ।ਸਟੇਡੀਅਮ ਵਿਚਨਰਿੰਦਰ ਮੋਦੀ ਦੇ ਪਹੁੰਚਣ ਤੋਂ ਬਾਅਦ ਭਾਰਤੀ ਅਮਰੀਕੀ ਗਾਇਕਾਵਾਂ ਨੇ'ਵੈਸ਼ਨਵ ਜਨ ਤੋ ਤੈਨੇ ਕਹੀਏ' ਦਾ ਭਜਨ ਗਾਇਆ ਅਤੇ ਇਕ ਗਰੁੱਪ ਨੇ ਯੂ ਐੱਸ ਗਾਸਪੈਲ ਪੇਸ਼ ਕੀਤਾ। ਇਸ ਪਿੱਛੋਂ ਭਾਰਤੀ ਮੂਲ ਦੇ ਦਿਵਿਆਂਗ ਸਪਰਸ਼ ਸ਼ਾਹ ਨੇ ਮੋਦੀ ਸਾਹਮਣੇ ਰਾਸ਼ਟਰ ਗਾਨ 'ਜਨ ਗਣ ਮਨ' ਗਾਇਆ। 16 ਸਾਲਾ ਸਪਰਸ਼ ਇਕ ਦੁਰਲੱਭ ਬਿਮਾਰੀ ਤੋਂ ਪੀੜਤ ਹੋਣ ਕਾਰਨ ਬਚਪਨ ਵਿਚ ਉਸ ਦੀਆਂ 130 ਹੱਡੀਆਂ ਟੁੱਟ ਗਈਆਂ ਸਨ। ਉਹ ਨਿਊਜਰਸੀ ਵਿਚ ਰਹਿੰਦਾ ਹੈ।

# ਗਾਇਕ ਮੂਸੇਵਾਲਾ ਦੇ ਖ਼ਿਲਾਫ਼ ਹੋਰ ਸਖ਼ਤ ਹੋਈ ਸ਼੍ਰੋਮਣੀ ਕਮੇਟੀ ਨੇ ਸ਼ਿਕਾਇਤ ਦਰਜ ਕਰਵਾਈ



ਅੰਮ੍ਰਿਤਸਰ, 22 ਸਤੰਬਰ, (ਪੋਸਟ ਬਿਊਰੋ)- ਸਿੱਖ ਭਾਵਨਾਵਾਂ ਨੂੰ ਠੇਸ ਲਾਉਣ ਦੇ ਦੋਸ਼ ਵਿਚ ਗਾਇਕ ਸਿੱਧੂ ਮੂਸੇਵਾਲਾ ਦੇ ਖ਼ਿਲਾਫ਼ਸ਼੍ਰੋਮਣੀ ਗੁਰਦੁ- ਆਰਾ ਪ੍ਰਬੰਧਕ ਕਮੇਟੀ ਨੇ ਬਾਕਾਇਦਾ ਸ਼ਿਕਾਇਤ ਦਰਜ ਕਰਵਾਈ ਹੈ।

ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਚੀਫ ਸੈਕਟਰੀ ਡਾ: ਰੂਪ ਸਿੰਘ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਇਕ ਗੀਤ ਵਿੱਚ ਸਿੱਖ ਇਤਿਹਾਸ ਦੀ ਸਤਿਕਾਰਯੋਗ ਸ਼ਖ਼ਸੀਅਤ ਮਾਤਾ ਭਾਗ ਕੌਰ ਦੀ ਤੌਹੀਨ ਪਿੱਛੋਂ ਸਿੱਖ ਜਗਤ ਵਿਚ ਰੋਸ ਦੀ ਲਹਿਰ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਆਦੇਸ਼ਉੱਤੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਸ਼ਿਕਾਇਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਬੰਧਤ ਗਾਇਕ ਦਾ ਕਸੂਰ ਮਾਫ਼ੀਯੋਗ ਨਹੀਂ ਤੇ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਡਾ: ਰੂਪ ਸਿੰਘ ਨੇ ਕਿਹਾ ਕਿ ਸਿੱਖ ਕੌਮ ਦੇ ਸੂਰਬੀਰ ਬਹਾਦਰਾਂ ਕਰ ਕੇ ਦੇਸ਼ ਦਾ ਸੱਭਿਆਚਾਰ ਬਚ ਸਕਿਆ ਹੈ, ਪਰ ਕੁਝ ਸਿਰਫਿਰੇ ਲੋਕ ਸਸਤੀ ਸ਼ੋਹਰਤ ਲਈ ਸਿੱਖ ਪਾਤਰਾਂ ਖ਼ਿਲਾਫ਼ ਆਪਣੀ ਮੰਦਬੁੱਧੀ ਦਾ ਪ੍ਰਗਟਾਵਾ ਕਰਦੇ ਹਨ, ਜਿਨ੍ਹਾਂ ਨੂੰ ਲੋਕਾਂ ਨੂੰ ਨਕਾਰ ਦੇਣਾ ਚਾਹੀਦਾ ਹੈ।

ਡਾ: ਰੂਪ ਸਿੰਘ ਨੇ ਇਸ ਮੌਕੇ ਗਾਇਕ ਗੁਰਦਾਸ ਮਾਨ ਵੱਲੋਂ ਪੰਜਾਬੀ ਨੂੰ ਨੀਵਾਂ ਵਿਖਾਉਣ ਦੀ ਨਿਖੇਧੀ ਕੀਤੀ ਅਤੇ ਆਖਿਆ ਕਿ ਮਾਂ ਬੋਲੀ ਪੰਜਾਬੀ ਨੂੰ ਨੀਵਾਂ ਵਿਖਾਉਣ ਵਾਲਾ ਪੰਜਾਬੀ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਮਾਂ ਬੋਲੀ ਅਤੇ ਮਾਂ ਧਰਤੀ ਦਾ ਕਰਜ਼ਾ ਅਸੀਂ ਕਦੇ ਨਹੀਂ ਚੁਕਾ ਸਕਦੇ ਅਤੇ ਕਿਸੇ ਨੂੰ ਇਸ ਦੀ ਤੌਹੀਨ ਕਰਦੇ ਵੀ ਨਹੀਂ ਦੇਖ ਸਕਦੇ।ਉਨ੍ਹਾਂ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਨਾਂ ਉੱਤੇ ਆਪਣੀ ਰੋਟੀ ਚਲਾਉਣ ਵਾਲੇ ਲੋਕਾਂ ਦਾ ਦੋਗਲਾ ਚਿਹਰਾ ਪੰਜਾਬੀਆਂ ਨੂੰ ਪ੍ਰਵਾਨ ਨਹੀਂ ਹੈ, ਇਸ ਲਈ ਗੁਰਦਾਸ ਮਾਨ ਨੂੰ ਆਪਣੀ ਗ਼ਲਤੀਦੀ ਮਾਫ਼ੀ ਮੰਗਣੀ ਚਾਹੀਦੀ ਹੈ।

# ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ ਦੇ ਸਬੰਧ 'ਚ ਸੂਫ਼ੀ ਸ਼ਾਮ ਦਾ ਆਯੋਜਨ

## ਪ੍ਰਸਿੱਧ ਸੂਫੀ ਗਾਇਕ ਅਤੇ ਕਵਾਲ ਸਾਬਰੀ ਬ੍ਰਦਰਜ਼ ਨੇ ਦੇਰ ਰਾਤ ਤੱਕ ਕੀਤਾ ਆਪਣੇ ਫ਼ਨ ਦਾ ਮੁਜ਼ਾਹਰਾ





ਫਰੀਦਕੋਟ, 22 ਸਤੰਬਰ (ਗਿਆਨ ਸਿੰਘ): ਬੀਤੀ ਰਾਤ ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ ਦੇ ਸਬੰਧ ਵਿੱਚ ਇਥੋਂ ਦੀ ਦਾਣਾ ਮੰਡੀ ਦੇ ਪੰਡਾਲ ਵਿਖੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੱਵਾਲ ਸਾਬਰੀ ਬ੍ਰਦਰਜ਼ ਵੱਲੋਂ ਦੇਰ ਰਾਤ ਤੱਕ ਵੱਖ ਵੱਖ ਮਕਬੂਲ ਕਲਾਮਾਂ ਰਾਹੀਂ ਫ਼ਨ ਦਾ ਮੁਜ਼ਾਹਰਾ ਕਰਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ ਗਿਆ ।

ਇਸ ਸਮਾਗਮ ਵਿੱਚ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਅਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਸਾਂਸਦ ਜਨਾਬ ਮੁਹੰਮਦ ਸਦੀਕ, ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ , ਅਤੇ ਮੁੱਖ ਮੰਤਰੀ ਦੇ ਓਐੱਸਡੀ ਸੰਦੀਪ ਸਿੰਘ ਸੰਨੀ ਬਰਾੜ ਬਾਬਾ ਫ਼ਰੀਦ ਯੂਨੀਵਰਸਿਟੀ ਤੇ ਉਪ ਕੁਲਪਤੀ ਡਾ ਰਾਜ ਬਹਾਦਰ, ਮੈਡਮ ਜਯੋਤੀ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਖ਼ਸੀਅਤਾਂ ਅਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ ।

ਸਮਾਗਮ ਦੀ ਸ਼ੁਰੂਆਤ ਸਾਬਰੀ ਬ੍ਰਦਰਸ ਵੱਲੋਂ ਬਾਬਾ ਨਾਨਕ ਦੀ ਬਾਣੀ ਅੱਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ਨਾਲ ਕੀਤੀ ਗਈ ।ਇਸ ਉਪਰੰਤ ਉਨ੍ਹਾਂ ਨੇ ਆਪਣੀਆਂ ਮਕਬੂਲ ਕੱਵਾਲੀਆਂ ਅਤੇ ਕਲਾਮਾਂ ਤੂੰ ਮਾਲਕ ਹੈਂ ਤੂੰ ਮਾਲਕ ਹੈ ,ਨਿਗਾਹੇ ਕਰਮ ਤਾਜ ਦਾਰੇ ਹਰਮ ਹਮ ਗ਼ਰੀਬੋਂ ਕੀ ਜ਼ਿੰਦਗੀ ਸੰਵਰ ਜਾਏਗੀ, ਤੂੰ ਸੇ ਨਾਇਨਾ ਮਿਲਾਈ ਕੇ ਅਤੇ ਸੰਸਾਰ ਪ੍ਰਸਿੱਧ ਗੀਤ ਦੇਰ ਨਾ ਹੋ ਜਾਏ ਕਹੀਂ ਦੇਰ ਨਾ ਹੋ ਜਾਏ ਸਮੇਤ ਵੱਡੀ ਗਿਣਤੀ ਵਿੱਚ ਮਕਬੂਲ ਕਵਾਲੀਆਂ ਰਾਹੀਂ ਆਪਣੀ ਹਾਜ਼ਰੀ ਲਵਾਈ ।ਇਸ ਮੌਕੇ ਪ੍ਰਸਿੱਧ ਕਵਾਲ ਉਸਤਾਦ ਫ਼ਰੀਦ ਸਾਬਰੀ ਨੇ ਦੱਸਿਆ ਕਿ ਉਹ 33 ਸਾਲ ਮਗਰੋਂ ਫ਼ਰੀਦਕੋਟ ਵਿਖੇ ਆਏ ਹਨ ਤੇ ਉਨ੍ਹਾਂ ਨੂੰ ਬਾਬਾ ਫ਼ਰੀਦ ਜੀ ਦੀ ਨਗਰੀ ਵਿੱਚ ਦਰਸ਼ਨ ਕਰਕੇ ਅਤੇ ਇੱਥੋਂ ਦੇ ਮਿਲਾਪੜੇ ਲੋਕਾਂ ਨੂੰ ਮਿਲ ਕੇ ਬੇਹੱਦ ਖ਼ੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਇਸ ਮੌਕੇ ਫ਼ਰੀਦਕੋਟ ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਦੇ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਨੇ ਇਸ ਸੂਫੀ ਸ਼ਾਮ ਵਿੱਚ ਸ਼ਿਰਕਤ ਕਰਨ ਤੇ ਸਾਬਰੀ ਬ੍ਰਦਰਜ਼ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸੁਸਾਇਟੀ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਸੰਸਾ ਪੱਤਰ ਅਤੇ ਸਨਮਾਨ ਚਿੰਨ ਨਾਲ ਸਨਮਾਨਿਤ ਵੀ ਕੀਤਾ। ਦੇਰ ਰਾਤ ਤੱਕ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਸਾਬਰੀ ਬ੍ਰਦਰਜ਼ ਦੀਆਂ ਕਵਾਲੀਆਂ ਦਾ ਅਨੰਦ ਮਾਣਿਆ। ਮੰਚ ਸੰਚਾਲਨ ਜਸਬੀਰ ਜੱਸੀ ਵੱਲੋਂ ਕੀਤਾ ਗਿਆ।

ਇਸ ਮੌਕੇ ਪਰਮਦੀਪ ਸਿੰਘ ਐਸ ਡੀ ਐਮ ਫਰੀਦਕੋਟ, ਬਲਵਿੰਦਰ ਸਿੰਘ, ਐਸ ਡੀ ਐਮ ਕੋਟਕਪੂਰਾ, ਰਾਮ ਸਿੰਘ ਐਸ ਡੀ ਐਮ ਜੈਤੋ, ਜਗਜੀਤ ਸਿੰਘ ਚਾਹਲ, ਪਰਮਜੀਤ ਸਿੰਘ ਤਹਿਸੀਲਦਾਰ, ਲਵਪ੍ਰੀਤ ਕੋਰ ਤਹਿਸੀਲਦਾਰ ਸਮੇਤ ਵੱਡੀ ਗਿਣਤੀ ਵਿੱਚ ਪੰਤਵੰਤੇ ਤੇ ਸਰੋਤੇ ਹਾਜ਼ਰ ਸਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

| | | | |
|---|---|---|---|
| MISSISSAUGA $975 | WOODSTOCK $2,000 | SOUTH DUNDAS $3,000 | MISSISSAUGA $59,000 |
| Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area. | Photo Not Available 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More... | 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent. | 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station... |
| CHATHAM-KENT $65,000 | TORONTO $79,000 | HAMILTON $99,000 | MISSISSAUGA $149,000 |
| Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very | Photo Not Available 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple | Photo Not Available 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location... | 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800 |
| MISSISSAUGA $169,900 | BRAMPTON $199,000 | BRAMPTON $259,000 | BRAMPTON $299,000 |
| 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers | Photo Not Available 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business | Photo Not Available 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month | 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As |
| MISSISSAUGA $499,000 | BRANTFORD $499,000 | MISSISSAUGA $615,000 | BRAMPTON $655,000 |
| 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located | 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash | 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors. | 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & |

*Canadian punjabi post assumes no responsibility for the accuracy of any information shown. Copyright Ppost 2019

# ਬਰੈਂਪਟਨ ਸੀਨੀਅਰ ਵੂਮੈਨ ਕਲੱਬ ਨੇ ਬਲੂਮਾਊਂਟੇਨ ਦਾ ਟੂਰ ਲਾਇਆ



ਬਰੈਂਪਟਨ: 14 ਸਤੰਬਰ ਨੂੰ ਬਰੈਂਪਟਨ ਸੀਨੀਅਰ ਵੂਮੈਨ ਕਲੱਬ ਨੇ ਬਲੂਮਾਊਂਟੇਨ ਅਤੇ ਇਸ ਦੇ ਨਜ਼ਦੀਕ ਦਿਲਚਸਪ ਥਾਂਵਾਂ ਦਾ ਬਹੁਤ ਹੀ ਮਨੋਰੰਜਕ ਟੂਰ ਲਾਇਆ। ਪ੍ਰਧਾਨ ਕੁਲਦੀਪ ਕੌਰ ਗਰੇਵਾਲ ਅਤੇ ਮੀਤ ਪ੍ਰਧਾਨ ਸ਼ਿੰਦਰ ਪਾਲ ਬਰਾੜ ਦੀ ਅਗਵਾਈ ਵਿੱਚ ਬੀਬੀਆਂ ਦਾ ਇਹ ਕਾਫਲਾ ਬਲੂਮਾਊਂਟੇਨ ਲਈ ਬਰੇਅਡਨ ਪਲਾਜ਼ੇ ਤੋਂ ਰਵਾਨਾ ਹੋਇਆ। ਸਭ ਤੋਂ ਪਹਿਲਾਂ ਬੁੱਧ ਮੰਦਿਰ ਪਹੁੰਚਿਆ ਗਿਆ ਜਿੱਥੇ ਬੜੀਆਂ ਖੂਬਸੂਰਤ ਬੁੱਧ ਦੀਆਂ ਸੁਨੈਹਰੀ ਮੂਰਤੀਆਂ ਦੇਖਣ ਯੋਗ ਹਨ। ਇਸ ਉਪਰਾਂਤ ਉੱਚੀ ਪਹਾੜੀ ਬਲੂਮਾਊਂਟੇਨ ਵੱਲ ਚਾਲੇ ਪਾਏ ਗਏ। ਇਸ ਸਥਾਨ ਤੋਂ ਆਸਪਾਸ ਦਾ ਸੁੰਦਰ ਨਜ਼ਾਰਾ ਦੇਖਿਆ ਗਿਆ ਅਤੇ ਲੰਚ ਦਾ ਅਨੰਦ ਲਿਆ ਗਿਆ। ਇੱਥੋਂ ਉੜਨ ਖਟੋਲੇ( ਰੋਪ ਵੇਅ) ਰਾਹੀਂ ਥੱਲੇ ਬਾਜਾਰ ਵਿੱਚ ਪਹੁੰਚ ਸ਼ਾਪਿੰਗ (ਬੀਬੀਆਂ ਦਾ ਮਨਭਾਉਂਦਾ ਸ਼ੌਕ) ਕੀਤੀ ਗਈ। ਸਨ ਕੇਵਜ਼, ਬੈਡਲੈਂਡ ਨਦੀ ਅਤੇ ਇਸ ਨਾਲ ਸਬੰਧਤ ਇਤਿਹਾਸਕ ਜਾਣਕਾਰੀ ਲੈਂਦਿਆਂ ਕਲਿੰਗਵੁੱਡ ਬੀਚ ਵੀ ਦੇਖਿਆ ਗਿਆ। ਟਿਮ ਹੌਰਟਨ 'ਚ ਕਲੱਬ ਵੱਲੋਂ ਚਾਹ ਕਾਫੀ ਵਰਤਾਈ ਗਈ। ਇਸ ਸੀਜ਼ਨ ਦੇ ਆਖਰੀ ਮਨੋਰੰਜਕ ਟੂਰ ਦੇ ਪ੍ਰਬੰਧ ਲਈ ਪ੍ਰਧਾਨ ਕੁਲਦੀਪ ਗਰੇਵਾਲ, ਕਮਲਜੀਤ ਕੌਰ ਕੈਸ਼ੀਅਰ, ਇੰਦਰ ਜੀਤ ਢਿਲੋਂ, ਕੁਲਵੰਤ ਗਰੇਵਾਲ, ਹਰਦੀਪ ਹੈਲਨ, ਗੁਰਮੀਤ ਕੌਰ, ਹਰਪਾਲ ਰੰਧਾਵਾ, ਚਰਨਜੀਤ ਬਰਾੜ, ਸੁਰਿੰਦਰਜੀਤ ਛੀਨਾ ਅਤੇ ਸਾਰੀਆਂ ਡਾਇਰੈਕਟਰਸ ਦੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ ਅਤੇ ਆਉਣ ਵਾਲੇ ਸਾਲ ਲਈ ਇਵੇਂ ਹੀ ਮੇਲੇ ਗੇਲੇ ਕਰਦੇ ਰਹਿਣ ਦਾ ਅਹਿਦ ਕੀਤਾ ਗਿਆ।

## ਪੰਡਿਤ ਰਾਓ ਧਰੇਂਨਵਰ ਵੱਲੋਂ ਗੁਰਦਾਸ ਮਾਨ ਅਤੇ ਹੁਕਮ ਚੰਦ ਦੀ ਸ਼ਿਕਾਇਤ

### ਪ੍ਰਸਿੱਧ ਲੇਖਕ ਜਸਵੰਤ ਸਿੰਘ ਕੰਵਲ ਨੂੰ ਕਿਹਾ 'ਇਨ੍ਹਾਂ ਨੂੰ ਘਰ ਬੁਲਾਕੇ ਪੰਜਾਬੀ ਭਾਸ਼ਾ ਦੀ ਮਹੱਤਤਾ ਸਮਝਾਓ'

ਜਗਰਾਂਉ, 22 ਸਤੰਬਰ (ਗਿਆਨ ਸਿੰਘ): ਕਰਨਾਟਕਾ ਦੇ ਮੂਲ ਨਿਵਾਸੀ ਅਤੇ ਪੰਜਾਬੀ ਭਾਸ਼ਾ ਪ੍ਰਤੀ ਅਥਾਹ ਪਿਆਰ ਰੱਖਣ ਵਾਲੇ ਪੰਡਿਤ ਰਾਓ ਧਰੇਂਨਵਰ ਨੇ ਅੱਜ ਪ੍ਰਸਿੱਧ ਲੇਖਕ ਜਸਵੰਤ ਸਿੰਘ ਕੰਵਲ ਦੇ ਕੋਲ ਪਹੁੰਚ ਕੇ ਪੰਜਾਬੀ ਭਾਸ਼ਾ ਦਾ ਕਥਿਤ ਤੌਰ 'ਤੇ ਨਿਰਾਦਰ ਕਰਨ ਵਾਲੇ ਪ੍ਰਸਿੱਧ ਗਾਇਕ ਗੁਰਦਾਸ ਮਾਨ ਅਤੇ ਪ੍ਰੋ. ਹੁਕਮ ਚੰਦ ਰਾਜਪਾਲ ਸਮੇਤ ਪੰਜਾਬ ਦੇ ਕਈ ਗਾਇਕਾਂ ਦੀ ਸ਼ਿਕਾਇਤ ਕੀਤੀ ਹੈ।



ਜਸਵੰਤ ਸਿੰਘ ਕੰਵਲ ਦੇ ਘਰ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਡਿਤ ਰਾਓ ਧਰੇਂਨਵਰ ਨੇ ਲਿਖਤੀ ਸ਼ਿਕਾਇਤ ਦਿੰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਲਈ ਤੁਹਾਡਾ ਯੋਗਦਾਨ ਸਰਬੋਤਮ ਹੈ। ਪੰਜਾਬੀ ਭਾਸ਼ਾ ਦੇ ਸਤਿਕਾਰ ਅਤੇ ਸਨਮਾਨ ਨੂੰ ਉੱਚੀ ਪੱਧਰ 'ਤੇ ਰੱਖਣ ਲਈ ਤੁਸੀਂ ਉਮਰ ਭਰ ਯਤਨ ਕੀਤੇ ਹਨ। ਪਰ ਅੱਜ ਕੱਲ੍ਹ ਦੇ ਕੁਝ ਲੋਕਾਂ ਵੱਲੋਂ ਪੰਜਾਬੀ ਭਾਸ਼ਾ ਦੀ ਬੇਕਦਰੀ ਕਰਨ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਜਿਵੇਂ ਕਿ ਪ੍ਰੋ. ਹੁਕਮ ਚੰਦ ਰਾਜਪਾਲ ਨੇ ਪਟਿਆਲਾ ਦੇ ਸੈਮੀਨਾਰ ਵਿੱਚ ਅਤੇ ਗਾਇਕ ਗੁਰਦਾਸ ਮਾਨ ਕੈਨੇਡਾ ਦੇ ਇੱਕ ਰੇਡੀਓ ਇੰਟਰਵਿਊ ਦੌਰਾਨ ਪੰਜਾਬੀ ਭਾਸ਼ਾ ਦੀ ਬੇਕਦਰੀ ਕਰਦੇ ਨਜ਼ਰ ਆਏ ਹਨ। ਉਨ੍ਹਾਂ ਕੰਵਲ ਜੀ ਨੂੰ ਕਿਹਾ ਕਿ ਉਹ ਇਨ੍ਹਾਂ ਦੋਵਾਂ ਨੂੰ ਆਪਣੇ ਘਰ ਬੁਲਾ ਕੇ ਪੰਜਾਬੀ ਭਾਸ਼ਾ ਦੀ ਮਹੱਤਤਾ ਬਾਰੇ ਸਮਝਾਉਣ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਬੇਇੱਜਤੀ ਕਰਦੇ ਹੋਏ ਕਥਿਤ ਤੌਰ 'ਤੇ ਸ਼ਰਾਬੀ ਅਤੇ ਹਥਿਆਰਾਂ ਦੀ ਗਾਇਕੀ ਕਰਨ ਵਾਲੇ ਕਰਨ ਔਜਲਾ, ਦਿਲਜੀਤ ਦੁਸਾਂਝ, ਸਿੱਧੂ ਮੂਸੇ ਵਾਲਾ, ਐਲੀ ਮਾਂਗਟ, ਆਰ ਨੈਤ, ਸ਼ੈਰੀ ਮਾਨ, ਦਿਲਪ੍ਰੀਤ ਢਿੱਲੋਂ, ਜੈਸਮੀਨ ਸੈਂਡਲਸ ਵਰਗੇ ਗਾਇਕਾਂ ਨੂੰ ਵੀ ਘਰੇ ਬੁਲਾ ਕੇ ਚੰਗੇ ਗੀਤ ਲਿਖਣ ਅਤੇ ਗਾਉਣ ਬਾਰੇ ਸਮਝਾਉਣ ਦੀ ਲੋੜ ਹੈ।

## ਬਾਬਾ ਫਰੀਦ ਮੇਲੇ ਦੇ 5ਵੇਂ ਦਿਨ ਪੁਰਾਤਨ ਖੇਡਾਂ ਰਹੀਆਂ ਖਿੱਚ ਦਾ ਕੇਂਦਰ

### ਸਭਿਆਚਾਰਕ ਪ੍ਰੋਗਰਾਮ ਦੌਰਾਨ ਗਾਇਕ ਅਤੇ ਗਾਇਕਾਵਾਂ ਨੇ ਦਿਖਾਏ ਆਪਣੀ ਕਲਾ ਦੇ ਜ਼ੋਹਰ

ਫਰੀਦਕੋਟ, 22 ਸਤੰਬਰ (ਗਿਆਨ ਸਿੰਘ): ਇੱਥੇ ਚਲ ਰਹੇ ਸਲਾਨਾ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਮੇਲੇ ਦੇ 5ਵੇਂ ਦਿਨ ਨਹਿਰੂ ਸਟੇਡੀਅਮ ਵਿਖੇ ਪੇਂਡੂ ਖੇਡ ਮੇਲਾ ਅਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਖੇਡ ਮੇਲੇ ਦੌਰਾਨ ਜਿਥੇ ਅਲੋਪ ਹੋ ਰਹੀਆਂ ਪੁਰਾਤਨ ਖੇਡਾਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ ਉਥੇ ਸਭਿਆਚਾਰਕ ਪ੍ਰੋਗਰਾਮ ਦੌਰਾਨ ਨਵੇਂ ਉੱਭਰ ਰਹੇ ਤੇ ਪ੍ਰਸਿੱਧ ਗਾਇਕ ਗਾਇਕਾਵਾਂ ਵੱਲੋਂ ਆਪੋ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ ਗਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਡਿਪਟੀ ਕਮਿਸ਼ਨਰ ਫਰੀਦਕੋਟ ਕੁਮਾਰ ਸੌਰਭ ਰਾਜ ਵੱਲੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਚੇਅਰਮੈਨ ਜ਼ਿਲ੍ਹਾ ਰੈਡ ਕਰਾਸ ਹਸਪਤਾਲ ਭਲਾਈ ਸ਼ਾਖਾ ਮੈਡਮ ਜਯੋਤੀ ਸਿੰਘ ਤੋਂ ਇਲਾਵਾ ਆਰ ਟੀ ਏ ਹਰਜੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਗਜੀਤ ਸਿੰਘ ਚਾਹਲ, ਤਹਿਸੀਲਦਾਰ ਲਵਪ੍ਰੀਤ ਕੌਰ,ਸੈਕਟਰੀ ਰੈਡ ਕਰਾਸ ਸ਼੍ਰੀ ਸੁਭਾਸ਼ ਕੁਮਾਰ, ਬਲਕਰਨ ਟਹਿਣਾ ਤੇ ਕਰਮਜੀਤ ਸਿੰਘ ਆਦਿ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।





ਸਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਉਭਰ ਰਹੇ ਗਾਇਕ ਸਤਨਾਮ ਸਿੰਘ ਨੇ ਧਾਰਮਿਕ ਗੀਤ ਗਾ ਕੇ ਕੀਤੀ। ਇਸ ਦੌਰਾਨ ਸਮਰ ਗਿੱਲ, ਜਸਪ੍ਰੀਤ ਸੰਘਾ ਆਦਿ ਗਾਇਕਾਂ ਨੇ ਆਪੋ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਉਪਰੰਤ ਪ੍ਰਸਿੱਧ ਗਾਇਕ ਨਿਸ਼ਾਨ ਭੁੱਲਰ ਨੇ ਲਗਾਤਾਰ ਦੋ ਘੰਟੇ ਚਰਚਿਤ ਗੀਤ ਗਾ ਕੇ ਆਪਣੀ ਗਾਇਕੀ ਦਾ ਰੰਗ ਬਖੇਰਦਿਆਂ ਸਭਿਆਚਾਰਕ ਮੇਲਾ ਲੁੱਟ ਲਿਆ। ਇਸ ਤੋਂ ਪਹਿਲਾਂ ਸਭਿਆਚਾਰਕ ਪ੍ਰੋਗਰਾਮ ਦੌਰਾਨ ਨਿਰਵੈਰ ਸਿੰਘ ਤੇ ਗੱਬਰ ਸਿੰਘ ਐਂਡ ਪਾਰਟੀ ਵੱਲੋਂ ਲੋਕ ਸਾਜ਼ਾਂ ਨਾਲ ਲੋਕ ਗੀਤ ਪੇਸ਼ ਕਰਕੇ ਸਭਿਆਚਾਰਕ ਮੇਲੇ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ।



ਇਸ ਮੌਕੇ ਅਟਵਾਲ ਸਿਸਟਰਜ਼ ਵੱਲੋਂ ਵੀ ਆਪਣੀ ਗਾਇਕੀ ਦਾ ਖੂਬ ਰੰਗ ਬਖੇਰਿਆ ਗਿਆ। ਇਸ ਮੌਕੇ ਮੰਚ ਸੰਚਾਲਨ ਜਸਬੀਰ ਜੱਸੀ ਵੱਲੋਂ ਕੀਤਾ ਗਿਆ।

ਨਹਿਰੂ ਸਟੇਡੀਅਮ ਵਿਖੇ ਹੋਏ ਪੇਂਡੂ ਖੇਡ ਮੇਲੇ ਦੌਰਾਨ ਪੁਰਾਤਨ ਖੇਡਾਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਇਸ ਦੌਰਾਨ ਨਹਿੰਗ ਸਿੰਘਾਂ ਵੱਲੋਂ ਆਪਣੇ ਘੋੜਿਆਂ ਰਾਹੀਂ ਤੇ ਬਾਜੀਗਰਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਕਰਤੱਵ ਦਿਖਾ ਕੇ ਅਲੋਪ ਹੋ ਰਹੀਆਂ ਪੁਰਾਤਨ ਖੇਡਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਸ ਮੌਕੇ ਘੋੜਿਆਂ ਅਤੇ ਊਠਾਂ ਵੱਲੋਂ ਨਾਚ ਦੇ ਨਾਲ ਨਾਲ ਦਿਖਾਏ ਗਏ ਅਨੋਖੇ ਕਰਤੱਵ ਵੀ ਸਰੋਤਿਆਂ ਦੀ ਖਿੱਚ ਦਾ ਕੇਂਦਰ ਰਹੇ। ਇਸ ਤੋਂ ਇਲਾਵਾ ਵਿਅਕਤੀਗਤ ਤੌਰ ਤੇ ਨੌਜਵਾਨਾਂ ਵੱਲੋਂ ਦੰਦਾਂ ਨਾਲ ਇਟਾਂ ਚੁੱਕ ਕੇ ਅਤੇ ਦੰਦਾਂ ਨਾਲ ਹੀ ਮੋਟਰ ਸਾਈਕਲ ਖਿੱਚ ਕੇ ਆਪਣੀ ਕਲਾ ਦਾ ਖੂਬ ਪ੍ਰਦਰਸ਼ਨ ਕੀਤਾ ਗਿਆ।

## ਗਾਇਕ ਸ਼ੈਰੀ ਮਾਨ ਵੀ ਕੇਸ ਵਿੱਚ ਫਸਿਆ

*** ਅਸ਼ਲੀਲ ਗੀਤਾਂ ਦਾ ਵਿਰੋਧ ਕਰਦੇ ਰਾਓ ਨੂੰ ਗਾਲ੍ਹਾਂ ਕੱਢਣ ਦਾ ਦੋਸ਼**

ਜਲੰਧਰ, 22 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਪ੍ਰਸਿੱਧ ਗਾਇਕ ਸ਼ੈਰੀ ਮਾਨ ਵੀ ਮੁਸੀਬਤ ਦੇ ਘੇਰੇ ਵਿਚ ਫਸਦੇ ਦਿਖਾਈ ਦੇ ਰਹੇ ਹਨ। ਉਨ੍ਹਾਂ ਉੱਤੇ ਪੰਜਾਬੀ ਗੀਤਾਂ ਵਿਚ ਅਸ਼ਲੀਲਤਾ ਦਾ ਵਿਰੋਧ ਕਰਨ ਵਾਲੇ ਅੰਮ੍ਰਿਤਸਰ ਦੇ ਸਰਕਾਰੀ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ ਪੰਡਤ ਰਾਓ ਧਰਨੇਵਰ ਨੂੰ ਫੋਨ ਉੱਤੇ ਗਾਲ੍ਹਾਂ ਕੱਢਣ ਦਾ ਦੋਸ਼ ਹੈ। ਇਸ ਹਰਕਤ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਐੱਚ ਐੱਮਵੀ ਕਾਲਜ ਵਿਚ ਪਾਰਟ ਟਾਈਮ ਪੜ੍ਹਾਉਣ ਅਤੇ ਕੋਚਿੰਗ ਅਕੈਡਮੀ ਚਲਾਉਣ ਵਾਲੇ ਰਾਜਾ ਗਾਰਡਨ ਦੇ ਪ੍ਰੋਫੈਸਰ ਐਮਪੀ ਸਿੰਘ ਨੇ ਇਸ ਦੀ ਸ਼ਿਕਾਇਤ ਕੀਤੀ ਹੈ।

ਅੱਜ ਜਲੰਧਰ ਦੇ ਡੀਸੀ ਪੀ ਗੁਰਮੀਤ ਸਿੰਘ ਨੂੰ ਦਿੱਤੀ ਗਈ ਸ਼ਿਕਾਇਤ ਵਿਚ ਪ੍ਰੋਫੈਸਰ ਐਮਪੀ ਸਿੰਘ ਨੇ ਕਿਹਾ ਕਿ ਸ਼ੈਰੀ ਮਾਨ ਜਿਸ ਤਰ੍ਹਾਂ ਪੰਡਤ ਰਾਓ ਧਰਨੇਵਰ ਨੂੰ ਧਮਕੀਆਂ ਦੇਂਦਾ ਅਤੇ ਗਾਲ੍ਹਾਂ ਕੱਢ ਰਿਹਾ ਹੈ, ਉਸ ਨਾਲ ਲੋਕਾਂ ਵਿਚ ਗਲਤ ਸੁਨੇਹਾ ਜਾਂਦਾ ਹੈ। ਪੰਜਾਬੀ ਗੀਤਾਂ ਵਿਚ ਅਸ਼ਲੀਲਤਾ, ਗਾਲ੍ਹਾਂ ਅਤੇ ਸ਼ਰਾਬ ਵਰਗੀਆਂ ਗੱਲਾਂ ਹੋਣ ਕਾਰਨ ਨੌਜਵਾਨ ਪੀੜ੍ਹੀ ਵਿਗੜਦੀ ਜਾਂਦੀ ਹੈ। ਜਪੁਜੀ ਸਾਹਿਬ ਨੂੰ ਕੰਨੜ ਭਾਸ਼ਾ ਵਿਚ ਲਿਖਣ ਵਾਲੇ ਪੰਡਤ ਰਾਓਧਰਨੇਵਰ ਨੇ ਗਾਇਕਾਂ ਦੇ ਇਸ ਵਿਹਾਰ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਸ਼ਰ੍ਹੇਆਮ ਗਾਲ੍ਹਾਂ ਕੱਢੀਆਂ ਹਨ। ਪ੍ਰੋਫੈਸਰ ਐਮਪੀ ਸਿੰਘ ਨੇ ਸ਼ੈਰੀ ਮਾਨ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਤੇ ਕਿਹਾ ਕਿ ਹਾਈਕੋਰਟ ਨੇ ਗਾਣਿਆਂ ਵਿਚ ਅਸ਼ਲੀਲਤਾ, ਗਾਲ੍ਹਾਂ ਤੇ ਸ਼ਰਾਬ ਵਰਗੀਆਂ ਚੀਜ਼ਾਂ ਦਾ ਪ੍ਰਦਰਸ਼ਨ ਕਰਨ ਉੱਤੇ ਰੋਕ ਲਾਈ ਹੋਈ ਹੈ ਤੇ ਇਨ੍ਹਾਂ ਦੀ ਵਰਤੋਂ ਸ਼ੈਰੀ ਮਾਨ ਦੇ ਗੀਤਾਂ ਵਿਚ ਬੜੀ ਜ਼ਿਆਦਾ ਹੈ। ਇਸ ਲਈ ਜੇ ਸ਼ੈਰੀ ਮਾਨ ਦੇ ਖ਼ਿਲਾਫ਼ ਕਾਰਵਾਈ ਨਾ ਕੀਤੀ ਗਈ ਤਾਂ ਲੋਕਾਂ ਵਿਚ ਇਸ ਦਾ ਗਲਤ ਸੁਨੇਹਾ ਜਾਵੇਗਾ।













# ਬਰੈਂਪਟਨ ਸਾਊਥ- ਲਿਬਰਲ ਕਬਜ਼ੇ ਵਾਲੀ ਇੱਕ ਦਿਲਚਸਪ ਰਾਈਡਿੰਗ

...ਪੰਨਾ 1 ਦਾ ਬਾਕੀ

ਇਸ ਰਾਈਡਿੰਗ ਵਿੱਚ ਸੋਨੀਆ ਸਿੱਧੂ 48% ਵੋਟਰਾਂ ਦਾ ਸਮਰੱਥਨ ਹਾਸਲ ਕਰਕੇ ਆਪਣੇ ਨੇੜਲੇ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਮਨ ਬਰਾੜ (34%) ਨਾਲੋਂ ਕਾਫੀ ਅੱਗੇ ਚੱਲ ਰਹੀ ਹੈ। ਐਨ ਡੀ ਪੀ ਉਮੀਦਵਾਰ ਮੈਂਡੀ (ਮਨਦੀਪ) ਕੌਰ ਬਰਾੜ ਨੂੰ 9% ਅਤੇ ਗਰੀਨ ਪਾਰਟੀ ਦੀ ਉਮੀਦਵਾਰ ਕੈਰਨ ਫਰੇਜ਼ਰ ਨੂੰ ਵੀ 9% ਵੋਟਾਂ ਮਿਲਣ ਦੀ ਸੰਭਾਵਨਾ ਹੈ। ਪੀਪਲਜ਼ ਪਾਰਟੀ ਆਫ ਕੈਨੇਡਾ ਦਾ ਉਮੀਦਵਾਰ ਰਾਜਵਿੰਦਰ ਘੁੰਮਣ ਹੈ ਜਿਸਨੂੰ ਜ਼ਿਕਰਯੋਗ ਵੋਟਾਂ ਮਿਲਣ ਦੀ ਸੰਭਾਵਨਾ ਨਹੀਂ ਹੈ। ਖੈਰ ਰਾਜਵਿੰਦਰ ਘੁੰਮਣ ਨੂੰ ਜੋ ਵੀ ਵੋਟਾਂ ਮਿਲਣਗੀਆਂ, ਉਹ ਸਿੱਧੇ ਰੂਪ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਖੇਮੇ ਵਿੱਚੋਂ ਮਨਫ਼ੀ ਹੋਣਗੀਆਂ ਜਿਸਦਾ ਲਾਭ ਲਿਬਰਲ ਪਾਰਟੀ ਨੂੰ ਹੋਵੇਗਾ। 338Canada.com ਦੇ ਅਨੁਮਾਨ ਵੀ ਲਹਿਰ ਨੂੰ ਲਿਬਰਲ ਪਾਰਟੀ ਦੇ ਹੱਕ ਵਿੱਚ ਦੱਸਦੇ ਹਨ। ਇਸ ਖੋਜ ਵੈੱਬਸਾਈਟ ਮੁਤਾਬਕ 1 ਲੱਖ 21 ਹਜ਼ਾਰ 185 ਵਾਸੀਆਂ ਵਾਲੀ ਇਸ ਰਾਈਡਿੰਗ ਵਿੱਚ ਲਿਬਰਲ ਪਾਰਟੀ ਨੂੰ 43%, ਕੰਜ਼ਰਵੇਟਿਵ ਪਾਰਟੀ 35.8%, ਐੱਨ.ਡੀ.ਪੀ. ਨੂੰ 9.3% ਅਤੇ ਗਰੀਨ ਪਾਰਟੀ ਨੂੰ 7.8% ਵੋਟਾਂ ਮਿਲਣ ਦੀ ਆਸ ਹੈ।










ਬਰੈਂਪਟਨ ਸਾਊਥ ਬਾਰੇ ਇੱਕ ਦਿਲਚਸਪ ਤੱਥ ਇਹ ਹੈ ਕਿ ਇੱਥੋਂ ਤੋਂ ਮੁੱਖ ਪਾਰਟੀਆਂ ਲਿਬਰਲ ਅਤੇ ਕੰਜ਼ਰਵੇਟਿਵ ਦੇ ਉਮੀਦਵਾਰ ਸਥਿਤੀਆਂ ਅਤੇ ਹਾਲਾਤਾਂ ਦੇ ਮੋੜ ਨਾਲ ਸਿਆਸਤ ਵਿੱਚ ਆਏ ਸਨ। ਸੋਨੀਆ ਸਿੱਧੂ ਦੇ ਪਤੀ ਗੁਰਜੀਤ ਸਿੰਘ ਕਮਿਉਨਿਟੀ ਦੇ ਜਾਣੇ ਪਹਿਚਾਣੇ ਹਸਤਾਖਰ ਹਨ ਜਿਹਨਾਂ ਦੀ 2015 ਵਿੱਚ ਚੋਣ ਲੜਨ ਦੀ ਤੀਬਰ ਇੱਛਾ ਸੀ। ਗੁਰਜੀਤ ਦੀ ਕੁੱਝ ਕਾਰਣਾਂ ਕਰਕੇ ਉਮੀਦਵਾਰੀ ਪਰਵਾਨ ਨਾ ਹੋ ਸਕੀ ਜਿਸਦੇ ਸਿੱਟੇ ਵਜੋਂ ਦੋ ਦਹਾਕਿਆਂ ਤੱਕ ਸ਼ੱਕਰ ਰੋਗ ਬਾਰੇ ਕਮਿਉਨਿਟੀ ਕੋਆਰਡੀਨੇਟਰ ਵਜੋਂ ਕੰਮ ਕਰਨ ਦਾ ਅਨੁਭਵ ਰੱਖਣ ਵਾਲੀ ਸੋਨੀਆ ਸਿੱਧੂ ਨੂੰ ਅਚਾਨਕ ਸਿਆਸਤ ਵਿੱਚ ਕੁੱਦਣਾ ਪਿਆ। 2015 ਵਿੱਚ ਲਿਬਰਲ ਪਾਰਟੀ ਦੇ ਹੱਕ ਵਿੱਚ ਉੱਠੀ ਮੁਹਿੰਮ ਦਾ ਲਾਭ ਲੈਂਦੇ ਹੋਏ ਉਹ ਮੈਂਬਰ ਪਾਰਲੀਮੈਂਟ ਚੁਣੀ ਗਈ ਜਿਸ ਦੌਰਾਨ ਉਸਨੇ ਪਾਰਲੀਮੈਂਟ ਦੀਆਂ ਹੈਲਥ ਅਤੇ ਸਟੈਟਸ ਆਫ ਵੂਮੈਨ (ਔਰਤਾਂ ਦਾ ਦਰਜ਼ਾ) ਕਮੇਟੀਆਂ ਉੱਤੇ ਬੈਠਣ ਦਾ ਅਨੁਭਵ ਹਾਸਲ ਕੀਤਾ ਹੈ। ਉਹ ਸ਼ੱਕਰ ਰੋਗ ਬਾਰੇ ਕੈਨੇਡਾ ਦੀ ਆਲ ਪਾਰਟੀ ਕਾਕਸ ਦੀ ਚੇਅਰ ਵੀ ਹੈ।

ਇਸੇ ਤਰਾਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਮਨ (ਰਮਨਦੀਪ) ਬਰਾੜ ਵੱਲੋਂ ਦਿੱਤੇ ਇੱਕ ਕਥਨ ਮੁਤਾਬਕ ਉਹਨਾਂ ਦਾ ਸਿਅਸਤ ਵਿੱਚ ਕੁੱਦਣ ਦਾ ਕੋਈ ਇਰਾਦਾ ਨਹੀਂ ਸੀ। ਕੰਜ਼ਰਵੇਟਿਵ ਪਾਰਟੀ ਦੇ ਨੌਜਵਾਨ ਆਗੂ ਹਰਦੀਪ ਗਰੇਵਾਲ ਨਾਲ ਹੋਈ ਅਚਾਨਕ ਮੀਟਿੰਗ ਤੋਂ ਉਤਸ਼ਾਹਿਤ ਹੋ ਕੇ ਉਸਨੇ ਸਿਆਸਤ ਵਿੱਚ ਆਉਣ ਦਾ ਫੈਸਲਾ ਕੀਤਾ। ਦਿਲਚਸਪ ਗੱਲ ਇਹ ਕਿ ਬਰੈਂਪਟਨ ਸਾਊਥ ਤੋਂ ਉਸਨੇ ਕੰਜ਼ਰਵੇਟਿਵ ਪਾਰਟੀ ਦੀ ਸੱਭ ਤੋਂ ਵੱਡੀ ਸਮਝੀ ਜਾਂਦੀ ਨੌਮੀਨੇਸ਼ਨ ਵਿੱਚ ਹਰਦੀਪ ਗਰੇਵਾਲ, ਸਾਬਕਾ ਐਮ ਪੀ ਐਂਡਰੀਊ ਕਾਨੀਆ ਅਤੇ ਭਾਵੇਸ਼ ਭੱਟ ਨੂੰ ਹਰਾ ਕੇ ਉਮੀਦਵਾਰ ਬਣਨ ਦਾ ਹੱਕ ਹਾਸਲ ਕੀਤਾ। ਰਮਨ ਬਰਾੜ ਦਾ ਟਰੱਕਿੰਗ ਇੰਡਸਟਰੀ ਵਿੱਚ ਕੰਮ ਕਰਨ ਦਾ ਲੰਬਾ ਤਜੁਰਬਾ ਹੈ ਅਤੇ ਉਹ 1994 ਵਿੱਚ ਕਾਮਨਵੈਲਥ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਮੈਂਬਰ ਰਿਹਾ ਹੈ। ਫੂਡ ਸਾਇੰਸ ਅਤੇ ਤਕਨਾਲੋਜੀ ਵਿੱਚ ਪੀ ਐਚ ਡੀ ਹੋਣ ਕਾਰਣ ਆਪਣੀ ਨੌਮੀਨੇਸ਼ਨ ਚੋਣ ਦੌਰਾਨ ਉਹ ਕਮਿਉਨਿਟੀ ਵਿੱਚ ਡਾਕਟਰ ਰਮਨ ਬਰਾੜ ਵਜੋਂ ਮਸ਼ਹੂਰ ਹੋਇਆ ਸੀ ਪਰ ਅੱਜ ਕੱਲ ਉਹ ਸਿਰਫ਼ ਰਮਨ ਬਰਾੜ ਲਿਖਣ ਨੂੰ ਤਰਜੀਹ ਦੇ ਰਿਹਾ ਹੈ। ਰਮਨ ਇੱਕ ਮਿਹਨਤੀ ਵਿਅਕਤੀ ਹੈ ਅਤੇ ਕੈਨੇਡਾ ਵਿੱਚ ਫੀਲਡ ਹਾਕੀ ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਜੁੜਿਆ ਰਿਹਾ ਹੈ ਜਿਸ ਵਿੱਚ ਫੀਲਡ ਹਾਕੀ ਉਂਟੇਰੀਓ ਦਾ ਪ੍ਰਧਾਨ ਹੋਣਾ ਸ਼ਾਮਲ ਹੈ। ਕੀ ਖੇਡਾਂ ਅਤੇ ਟਰੱਕਿੰਗ ਸੈਕਟਰ ਵਾਗੂੰ ਕਮਿਉਨਿਟੀ ਮੁੱਦਿਆਂ ਉੱਤੇ ਉਸਦੀ ਪਕੜ ਕਿਹੋ ਜਿਹੀ ਹੈ, ਇਸ ਬਾਰੇ ਸਮਾਂ ਪਾ ਕੇ ਪਤਾ ਚੱਲ ਸਕੇਗਾ।

ਐਨ ਡੀ ਪੀ ਉਮੀਦਵਾਰ ਮਨਦੀਪ (ਮੈਂਡੀ) ਕੌਰ ਬਰਾੜ ਆਪਣੀ ਪਾਰਟੀ ਦੇ ਆਗੂ ਜਗਮੀਤ ਸਿੰਘ ਦੇ ਕੈਂਪ ਵਿੱਚ ਕੰਮ ਕਰਨ ਦਾ ਅਨੁਭਵ ਰੱਖਦੀ ਹੈ ਜਿਸ ਬਦੌਲਤ ਉਸਨੂੰ ਸਿਆਸਤ ਵਿਸ਼ੇਸ਼ ਕਰਕੇ ਖੱਬੇ ਪੱਖੀ ਕੈਨੇਡੀਅਨ ਸਿਆਸਤ ਦੀ ਬਣਦੀ ਸਮਝ ਹੈ। ਮਨਦੀਪ ਕੌਰ ਲੰਬੇ ਸਮੇਂ ਤੋਂ ਫਾਈਨਾਂਸ਼ੀਅਲ ਸੈਕਟਰ ਵਿੱਚ ਮਾਰਟਗੇਜ ਸਪੈਸ਼ਲਿਸਟ ਵਜੋਂ ਕੰਮ ਕਰਦੀ ਆ ਰਹੀ ਹੈ। ਮਨਦੀਪ ਕੌਰ ਦੀ ਕਮਿਉਨਿਟੀ ਮੁੱਦਿਆਂ ਬਾਰੇ ਜਾਣਕਾਰੀ ਉੱਤੇ ਕਿੰਨੀ ਕੁ ਪਕੜ ਹੈ, ਇਸ ਬਾਰੇ ਯਕੀਨੀ ਢੰਗ ਨਾਲ ਕੁੱਝ ਆਖਣਾ ਔਖਾ ਹੈ ਪਰ ਉਹ ਇੱਕ ਚੰਗੀ ਬੁਲਾਰਾ ਜਰੂਰ ਹੈ।

70, 449 ਰਜਿਸਟਰਡ ਵੋਟਰਾਂ ਵਾਲੀ ਇਸ ਰਾਈਡਿੰਗ ਵਿੱਚ 50% ਦੇ ਕਰੀਬ ਵੋਟਰ ਪਰਵਾਸੀ ਮੂਲ ਦੇ ਹਨ ਜਿਹਨਾਂ ਵਿੱਚੋਂ ਇੱਕ ਚੌਥਾਈ ਭਾਰਤੀ ਮੂਲ ਦੇ ਪਰਵਾਸੀ ਹਨ। ਹੋਰ ਦਿਲਚਸਪ ਤੱਥ ਇਹ ਕਿ ਇਸ ਰਾਈਡਿੰਗ ਦੇ 19% ਵੋਟਰ ਸਿੱਖ ਕਮਿਉਨਿਟੀ ਨਾਲ ਸਬੰਧ ਰੱਖਦੇ ਹਨ ਜਿਸ ਤੋਂ ਪਤਾ ਚੱਲਦਾ ਹੈ ਕਿ ਸਾਰੀਆਂ ਪ੍ਰਮੁੱਖ ਪਾਰਟੀਆਂ ਦੇ ਉਮੀਦਵਾਰ ਸਿੱਖ ਭਾਈਚਾਰੇ ਨਾਲ ਸਬੰਧਿਤ ਕਿਉਂ ਹਨ। ਡਾਊਨ ਟਾਊਨ ਬਰੈਂਪਟਨ (ਸਿਟੀ ਹਾਲ, ਗਾਰਡਨ ਸਕੁਐਰ, ਰੋਜ਼ ਥੀਏਟਰ, ਸ਼ੈਰੀਡਾਨ ਕਾਲਜ) ਨੂੰ ਕਵਰ ਕਰਦੀ ਇਹ ਰਾਈਡਿੰਗ ਪੋਰਟ ਕਰੈਡਿਟ ਮਿਸੀਸਾਗਾ ਤੋਂ ਚੱਲ ਕੇ ਆਉਣ ਵਾਲੀ ਵਿਵਾਦਗ੍ਰਸਤ ਐਲ ਆਰ ਟੀ (LRT) ਦਾ ਰੂਟ ਵੀ ਇਸ ਰਾਈਡਿੰਗ ਦਾ ਹਿਸਾ ਹੈ। ਜੋ ਰੁਝਾਨ ਹੁਣ ਤੱਕ ਉਪਲਬਧ ਹਨ, ਉਹਨਾਂ ਮੁਤਾਬਕ ਇਸ ਮਹੱਤਵਪੂਰਣ ਰਾਈਡਿੰਗ ਵਿੱਚ ਲਿਬਰਲ ਸੋਨੀਆ ਸਿੱਧੂ ਦੀ ਜਿੱਤਣਾ ਕੋਈ ਅੰਚਭਾ ਨਹੀਂ ਹੋਵੇਗਾ ਬਸ਼ਰਤੇ ਬਰਾਊਨ ਫੇਸ/ਬਲੈਕ ਫੇਸ ਵਰਗੀਆਂ ਵਿਵਾਦਪੂਰਣ ਉਥਲ ਪੁਥਲਾਂ ਲਿਬਰਲ ਪਾਰਟੀ ਨੂੰ ਨੁਕਸਾਨ ਨਾ ਕਰਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ


# ਸ਼ੀਅਰ ਵੱਲੋਂ ਵੈਟਰਨਜ਼ ਲਈ ਪੈਨਸ਼ਨ ਸਿਸਟਮ ਕਾਇਮ ਕਰਨ ਦਾ ਐਲਾਨ

...ਪੰਨਾ 1 ਦਾ ਬਾਕੀ

ਨੂੰ ਉਸ ਸਮੇਂ ਸਖ਼ਤ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਪਾਰਲੀਆਮੈਂਟਰੀ ਬਜਟ ਆਫੀਸਰ (ਪੀਬੀਓ) ਯਵੇਸ ਜੀਰੌਕਸ ਵੱਲੋਂ ਕੀਤੇ ਗਏ ਅਧਿਐਨ ਮੁਤਾਬਕ ਆਮ ਤੌਰ ਉੱਤੇ ਸੈਨਿਕਾਂ ਤੇ ਫੌਜ ਛੱਡਣ ਵਾਲੇ ਕਈ ਸੈਨਿਕਾਂ ਲਈ ਸਹਿਯੋਗ ਵਿੱਚ ਕਮੀਆਂ ਪਾਈਆਂ ਗਈਆਂ। ਪੀਬੀਓ ਨੇ ਆਖਿਆ ਕਿ ਇਹ ਖਾਮੀਆਂ ਪਿਛਲੇ ਸਾਲਾਂ ਦੇ ਮੁਕਾਬਲੇ ਵੀ ਕਾਫੀ ਜ਼ਿਆਦਾ ਹਨ।

ਆਪਣੇ ਪ੍ਰਸਤਾਵ ਵਿੱਚ ਸ਼ੀਅਰ ਨੇ ਆਖਿਆ ਕਿ ਉਹ ਵੈਟਰਨਜ਼ ਲਈ ਭਰੋਸੇਯੋਗ ਪੈਨਸ਼ਨ ਸਿਸਟਮ ਵੀ ਕਾਇਮ ਕਰਨਗੇ। ਪੀਬੀਓ ਮੁਤਾਬਕ ਇਨ੍ਹਾਂ ਅਰਜ਼ੀਆ ਦਾ ਬੈਕਲਾਗ ਖਤਮ ਕਰਨ ਲਈ 51 ਮਿਲੀਅਨ ਡਾਲਰ ਦਾ ਖਰਚਾ ਆਵੇਗਾ ਜਦਕਿ ਪੈਨਸ਼ਨ ਪ੍ਰੋਗਰਾਮ ਲਈ 103 ਮਿਲੀਅਨ ਡਾਲਰ ਸਾਲਾਨਾ ਦੇ ਹਿਸਾਬ ਨਾਲ ਸ਼ੁਰੂਆਤ ਕਰਨੀ ਹੋਵੇਗੀ ਤੇ ਫਿਰ 2028-29 ਵਿੱਚ ਇਹ 48 ਮਿਲੀਅਨ ਡਾਲਰ ਤੱਕ ਘੱਟ ਜਾਵੇਗਾ।

# ਸੋਨੀਆ ਸਿੱਧੂ ਦੀ ਕੈਂਪੇਨ 'ਚ ਆ ਕੇ ਟਰੂਡੋ ਨੇ ਕੀਤੇ ਵੱਡੇ ਐਲਾਨ

...ਪੰਨਾ 1 ਦਾ ਬਾਕੀ

ਪ੍ਰਸਤਾਵਿਤ ਲਿਬਰਲ ਯੋਜਨਾ ਅਨੁਸਾਰ ਸਰਕਾਰ ਸੈੱਲਫੋਨ ਪ੍ਰੋਵਾਈਡਰਜ਼ ਤੋਂ ਅਗਲੇ ਦੋ ਸਾਲਾਂ ਦੇ ਅੰਦਰ ਅੰਦਰ ਫੀਸਾਂ ਵਿੱਚ ਕਟੌਤੀ ਕਰਨ ਦੀ ਮੰਗ ਕਰੇਗੀ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਕੰਪਨੀਆਂ ਨੂੰ ਵਧੇਰੇ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ। ਇਸ ਤਰ੍ਹਾਂ ਦਾ ਵਾਅਦਾ ਐਨਡੀਪੀ ਵੱਲੋਂ ਵੀ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਵਿੱਚ ਕੀਤਾ ਗਿਆ ਸੀ। ਐਨਡੀਪੀ ਨੇ ਵੀ ਸੈੱਲਫੋਨ ਤੇ ਇੰਟਰਨੈੱਟ ਸੇਵਾਵਾਂ ਉੱਤੇ ਪ੍ਰਾਈਸ ਕੈਪ ਦਾ ਐਲਾਨ ਕੀਤਾ ਸੀ।

ਇਸ ਦੌਰਾਨ ਟਰੂਡੋ ਤੋਂ ਬਲੈਕਫੇਸ ਤੇ ਬ੍ਰਾਊਨਫੇਸ ਵਿਵਾਦ ਦੇ ਚੱਲਦਿਆਂ ਇਹ ਪੁੱਛਿਆ ਗਿਆ ਕਿ ਉਹ ਕੈਨੇਡੀਅਨਾਂ ਦਾ ਵਿਸ਼ਵਾਸ ਦੇ ਭਰੋਸਾ ਕਿਸ ਤਰ੍ਹਾਂ ਵਾਪਿਸ ਹਾਸਲ ਕਰਨਗੇ। ਇਸ ਉੱਤੇ ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਆਪਣੇ ਦੋਸਤਾਂ ਤੇ ਕੁਲੀਗਜ਼ ਨਾਲ ਇਸ ਸਬੰਧੀ ਗੱਲਬਾਤ ਕੀਤੀ ਗਈ ਸੀ ਕਿ ਉਹ ਕਿਸ ਤਰ੍ਹਾਂ ਅੱਗੇ ਵੱਧਣ, ਕੈਨੇਡੀਅਨਾਂ ਨੂੰ ਅੱਗੇ ਕਿਵੇਂ ਲਿਆਂਦਾ ਜਾਵੇ, ਉਨ੍ਹਾਂ ਦਾ ਦੇਸ਼ ਨਸਲਵਾਦ ਤੇ ਅਸਹਿਣਸ਼ੀਲਤਾ ਖਿਲਾਫ ਰਲ ਕੇ ਕਿਵੇਂ ਲੜ ਸਕਦਾ ਹੈ। ਟਰੂਡੋ ਤੋਂ ਇਹ ਵੀ ਪੁੱਛਿਆ ਗਿਆ ਕਿ ਕੀ ਉਹ ਜਾਣਦੇ ਸਨ ਕਿ ਬ੍ਰਾਊਨਫੇਸ ਤੇ ਬਲੈਕਫੇਸ ਵਜੋਂ ਡਰੈੱਸ ਕਰਨਾ ਨਸਲਵਾਦੀ ਹੈ ਤਾਂ ਟਰੂਡੋ ਨੇ ਸਿੱਧੇ ਤੌਰ ਉੱਤੇ ਕੋਈ ਜਵਾਬ ਨਹੀਂ ਦਿੱਤਾ। ਇਸ ਦੌਰਾਨ ਦਿਨ ਵੇਲੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਲਿਬਰਲ ਆਗੂ ਦੀਆਂ ਤਸਵੀਰਾਂ ਤੋਂ ਇਹ ਕਿਵੇਂ ਲੱਗਦਾ ਹੈ ਕਿ ਕੈਨੇਡਾ ਵਿੱਚ ਨਸਲਵਾਦ ਕਿੰਨਾ ਕੁ ਵਿਆਪਕ ਹੈ ਤਾਂ ਸ਼ੀਅਰ ਨੇ ਆਖਿਆ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਲੋਕਾਂ ਨੇ ਇਸ ਨੂੰ ਨਿਜੀ ਤੌਰ ਉੱਤੇ ਭੋਗਿਆ ਹੈ। ਪੁਲਿਸ ਏਜੰਸੀਆਂ ਤੇ ਐਡਵੋਕੇਸੀ ਗਰੁੱਪਜ਼ ਦੀਆਂ ਰਿਪੋਰਟਾਂ ਤੋਂ ਵੀ ਇਹ ਪਤਾ ਲੱਗਦਾ ਹੈ ਕਿ ਇਹ ਅਹਿਮ ਮੁੱਦਾ ਹੈ। ਪਰ ਇਸ ਤਰ੍ਹਾਂ ਦੀਆਂ ਤਸਵੀਰਾਂ ਸਾਹਮਣੇ ਆਉਣ ਨਾਲ ਜਸਟਿਨ ਟਰੂਡੋ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਸਾਫ ਵੇਖਣ ਨੂੰ ਮਿਲਦਾ ਹੈ।

ਐਤਵਾਰ ਨੂੰ ਇੱਕ ਇੰਟਰਵਿਊ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਮੌਜੂਦਾ ਘਟਨਾਕ੍ਰਮ ਦੇ ਬਾਵਜੂਦ ਲਿਬਰਲਾਂ ਨਾਲ ਘੱਟ ਗਿਣਤੀ ਸਰਕਾਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਉਹ ਅਜੇ ਬ੍ਰਾਊਨਫੇਸ ਤੇ ਬਲੈਕਫੇਸ ਵਾਲੇ ਮੁੱਦੇ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਟਰੂਡੋ ਨੂੰ ਨਹੀਂ ਮਿਲੇ ਹਨ ਜਦਕਿ ਇਸ ਤਰ੍ਹਾਂ ਦੀ ਮੀਟਿੰਗ ਦੀ ਲਿਬਰਲ ਖੇਮੇ ਵੱਲੋਂ ਗੁਜ਼ਾਰਿਸ਼ ਕੀਤੀ ਗਈ ਸੀ। ਟਰੂਡੋ ਨੇ ਆਖਿਆ ਸੀ ਕਿ ਉਹ ਨਿਜੀ ਤੌਰ ਉੱਤੇ ਜਗਮੀਤ ਸਿੰਘ ਨਾਲ ਮੁਲਾਕਾਤ ਕਰਕੇ ਮੁਆਫੀ ਮੰਗਣਾ ਚਾਹੁੰਦੇ ਹਨ।

## ਪੰਜਾਬ ਵਿੱਚ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚਾਰ ਜਣੇ ਅਸਲੇ ਸਮੇਤ ਗ੍ਰਿਫ਼ਤਾਰ

* ਵੱਡੀਆਂ ਵਾਰਦਾਤਾਂ ਦੀ ਕੋਸ਼ਿਸ਼ ਵਿੱਚ ਦੱਸੇ ਗਏ

ਚੰਡੀਗੜ੍ਹ, 22 ਸਤੰਬਰ, (ਪੋਸਟ ਬਿਊਰੋ)- ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਪਾਕਿਸਤਾਨ ਤੇ ਜਰਮਨੀ ਵਿੱਚੋਂ ਚਲਾਏ ਜਾਂਦੇ ਗਰੁੱਪਾਂ ਦੇ ਸਮਰਥਨ ਵਾਲੀ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚਾਰ ਜਣਿਆਂ ਨੂੰ ਫੜਿਆ ਅਤੇ ਇਨ੍ਹਾਂ ਕੋਲੋਂ ਪੰਜ ਏਕੇ-47 ਰਾਈਫਲਾਂ, ਪਿਸਤੌਲ, ਸੈਟੇਲਾਈਟ ਫੋਨ ਅਤੇ ਹਥਗੋਲੇ ਬਰਾਮਦ ਕੀਤੇ ਹਨ। ਕੌਮਾਂਤਰੀ ਸਬੰਧਾਂ ਦਾ ਮੁੱਦਾ ਹੋਣ ਕਾਰਨਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਕੇਸ ਦੀ ਜਾਂਚ ਕੌਮੀ ਜਾਂਚ ਏਜੰਸੀ(ਐੱਨਆਈਏ) ਨੂੰ ਸੌਂਪਣ ਦਾ ਫ਼ੈਸਲਾ ਕੀਤਾ ਹੈ, ਜਿਸ ਦੀ ਕਾਰਵਾਈ ਜਾਰੀ ਹੈ।ਸਰਕਾਰੀ ਬੁਲਾਰੇ ਅਨੁਸਾਰ ਚਾਰ ਖਾੜਕੂਆਂ ਨੂੰ ਅੱਜ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਚੋਹਲਾ ਸਾਹਿਬ ਦੇ ਬਾਹਰ ਤੋਂ ਫੜਿਆ ਗਿਆ ਹੈ, ਜਿਹੜੇ ਸਫੈਦ ਰੰਗ ਦੀ ਮਾਰੂਤੀ ਸਵਿਫਟ ਕਾਰ ਵਿੱਚ ਸਨ। ਇਨ੍ਹਾਂ ਦੀ ਪਛਾਣ ਬਲਵੰਤ ਸਿੰਘ ਉਰਫ਼ ਬਾਬਾ ਉਰਫ਼ ਨਿਹੰਗ, ਅਕਾਸ਼ਦੀਪ ਸਿੰਘ ਉਰਫ਼ ਅਕਾਸ਼ ਰੰਧਾਵਾ, ਹਰਭਜਨ ਸਿੰਘ ਅਤੇ ਬਲਬੀਰ ਸਿੰਘ ਵਜੋਂ ਹੋਈ ਹੈ।


G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿੱਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab Monday to Friday 2:00PM to 3:00PM on 88.5 FM
Aikam TV Every Saturday on Vision TV Canada Wide
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMER TV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਬੁਢਾਪਾ ਆਵੇ ਹੀ ਕਿਉਂ!

-ਗੁਰਸ਼ਰਨ ਸਿੰਘ ਨਰੂਲਾ



ਬੁਢਾਪਾ ਸਭ ਉੱਤੇ ਆਉਣਾ ਹੈ। ਇਹ ਅਟੱਲ ਸੱਚਾਈ ਅਤੇ ਜੀਵਨ ਦਾ ਹਿੱਸਾ ਹੈ। ਪਹਿਲਾਂ ਬਚਪਨ, ਮਾਪਿਆਂ ਦੇ ਆਸਰੇ, ਫਿਰ ਲੜਕਪਣ, ਖੇਡਣਾ ਕੁੱਦਣਾ, ਖੁੱਲ੍ਹੇ ਸੁਪਨੇ ਲੈਣੇ, ਜਵਾਨ ਮਨ ਵਿੱਚ ਅਨੇਕਾ ਤਰੰਗਾਂ, ਰਗ-ਰਗ ਵਿੱਚ ਜੋਸ਼। ਫਿਰ ਅਧੇੜ ਉਮਰ ਕੀਤੇ ਕੰਮਾਂ 'ਤੇ ਨਜ਼ਰਸਾਨੀ ਕਰਨ ਦਾ ਸੋਚਾਂ ਦਾ ਦੌਰ। ਕੀਤੇ ਨੂੰ ਸੰਭਾਲਣ ਦਾ ਦੌਰ। ਜ਼ਿੰਮੇਵਾਰੀਆਂ ਨਿਭਾਉਣ ਦਾ ਦੌਰ ਤੇ ਅੰਤ ਬੁਢਾਪਾ। ਇਹ ਕਦੋਂ ਸ਼ੁਰੂ ਹੋਣਾ ਹੈ, ਤੁਸੀਂ ਆਪ ਤੈਅ ਕਰਨਾ ਹੈ। ਇਹ ਜੀਵਨ ਦਾ ਆਖਰੀ ਭਾਗ ਹੈ, ਪਰ ਨਿਰਾਰਥਕ ਬਿਲਕੁਲ ਨਹੀਂ। ਇਕ ਕਥਨ ਅਨੁਸਾਰ ਇਹ ਜਵਾਨੀ ਤੋਂ ਵਾਧੇ ਵਾਲਾ ਹੈ, ਕਿਉਂਕਿ ਹਰ ਬੁੱਢੇ ਆਦਮੀ ਨੇ ਜਵਾਨੀ ਵੇਖੀ ਹੈ, ਪਰ ਜਵਾਨ ਨੇ ਬੁਢਾਪਾ ਅਜੇ ਵੇਖਣਾ ਹੈ। ਉਸ ਕੋਲ ਇਹ ਅਨੁਭਵ ਅਜੇ ਨਹੀਂ ਆਇਆ।

ਇਹ ਠੀਕ ਹੈ ਕਿ ਬੁਢਾਪੇ ਵਿੱਚ ਕੁਝ ਅੰਗ ਢਿੱਲੇ ਪੈ ਜਾਂਦੇ ਹਨ। ਤੁਹਾਡੀ ਸਖਤ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ, ਪਰ ਇਸ ਦੇ ਉਲਟ ਜਿਹੜਾ ਗਿਆਨ ਅਤੇ ਸਿਆਣਪ ਤੁਸੀਂ ਗ੍ਰਹਿਣ ਕੀਤੀ ਹੈ, ਉਹ ਤੁਹਾਡੀ ਗੁਆਚ ਚੁੱਕੀ ਜਾਂ ਘਟ ਗਈ ਸਰੀਰਕ ਤਾਕਤ ਦਾ ਖੱਪਾ ਪੂਰਾ ਕਰਦੀ ਹੈ। ਤੁਸੀਂ ਕੱਲ੍ਹ ਤੋਂ ਅੱਜ ਜ਼ਿਆਦਾ ਸੁੱਘੜ ਤੇ ਸਿਆਣੇ ਹੋ। ਬੁੱਢੇ ਹੋ ਕੇ ਤੁਸੀਂ ਸਿਰਫ ਸਰੀਰਕ ਬਲ ਦਾ ਕੁਝ ਭਾਗ ਗੁਆਇਆ ਹੈ। ਅਜੇ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ। ਤੁਹਾਡੀਆਂ ਅੱਖਾਂ, ਕੰਨ, ਦਿਮਾਗ, ਸੁੰਘਣ ਤੇ ਚਖਣ ਸ਼ਕਤੀਆਂ ਸਭ ਕਾਇਮ ਹਨ। ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਨਾਲੋਂ ਵੱਧ ਭਾਗਾਂ ਵਾਲੇ ਹੋ, ਜੋ ਇਨ੍ਹਾਂ ਨੇਮਤਾਂ ਤੋਂ ਵਾਂਝੇ ਹਨ। ਸਿਰਫ ਆਪਣੀ ਇੱਛਾ ਸ਼ਕਤੀ ਕਾਇਮ ਰੱਖੋ, ਤੁਹਾਨੂੰ ਸੁਪਨੇ ਲੈਣ ਤੋਂ ਅਜੇ ਵੀ ਕੋਈ ਨਹੀਂ ਰੋਕਦਾ। ਆਪਣੇ ਤਜਰਬੇ ਪਰਵਾਰ ਤੇ ਸੱਜਣਾਂ ਮਿੱਤਰਾਂ ਨਾਲ ਸਾਂਝੇ ਕਰਨ 'ਤੇ ਵੀ ਕੋਈ ਰੋਕ ਟੋਕ ਨਹੀਂ। ਇਹ ਠੀਕ ਹੈ ਕਿ ਤੁਹਾਡੀਆਂ ਗੱਲਾਂ ਸੁਣਨ ਵਾਲੇ ਚਾਹੀਦੇ ਹਨ। ਜੇ ਤੁਸੀਂ ਉਨ੍ਹਾਂ ਦੀਆਂ ਸੁਣਦੇ ਹੋ ਤਾਂ ਉਹ ਤੁਹਾਡੀਆਂ ਵੀ ਜ਼ਰੂਰ ਸੁਣਨਗੇ। ਇਸ ਤਰ੍ਹਾਂ ਕਰਦੇ ਰਹੋਗੇ ਤਾਂ ਢਹਿੰਦਿਆਂ ਕਲਾਂ ਵਿੱਚ ਨਹੀਂ ਜਾਓਗੇ। ਮੌਤ ਦਾ ਡਰ ਨਹੀਂ ਸਤਾਏਗਾ। ਸਦਾ ਪ੍ਰਸੰਨ ਚਿੱਤ ਰਹੋਗੇ। ਲੰਮੀ ਉਮਰ ਤੱਕ ਜੀਓਗੇ।

ਬੁਢਾਪਾ ਤਾਂ ਇਸਤਰੀਆਂ 'ਤੇ ਵੀ ਆਉਂਦਾ ਹੈ, ਪਰ ਉਨ੍ਹਾਂ ਕੋਲ ਗੱਲਾਂ ਸੁਣਨ ਵਾਲੇ ਬਹੁਤ ਹੁੰਦੇ ਹਨ। ਪਰਵਾਰ ਤੇ ਗਲੀ ਮੁਹੱਲੇ ਦੇ ਲੋਕ ਹੁੰਦੇ ਹਨ। ਦੂਜਾ ਗੁਣ ਜੋ ਉਨ੍ਹਾਂ ਦੇ ਹੱਕ ਵਿੱਚ ਜਾਂਦਾ ਹੈ, ਉਹ ਹੈ ਉਨ੍ਹਾਂ ਦਾ ਕੰਮ ਵਿੱਚ ਮਗਨ ਹੋਣਾ। ਉਨ੍ਹਾਂ ਕੋਲ ਘਰੇਲੂ ਕੰਮ ਦੀ ਘਾਟ ਨਹੀਂ ਹੁੰਦੀ। ਉਨ੍ਹਾਂ ਦਾ ਕੰਮ ਉਨ੍ਹਾਂ ਨੂੰ ਨਿਰਾਸ਼ਤਾ ਦੀਆਂ ਗੱਲਾਂ ਸੋਚਣ ਦੀ ਵਿਹਲ ਨਹੀਂ ਦਿੰਦਾ। ਕੰਮ ਦਾ ਰੁਝੇਵਾਂ ਜੀਵਨ ਨੂੰ ਸੰਤੁਲਨ ਰੱਖਣ ਲਈ ਅਤਿ ਜ਼ਰੂਰੀ ਹੈ। ਮਰਦ ਵੀ ਜੇ ਆਪਣੇ ਰੁਝੇਵੇਂ ਦਾ ਪ੍ਰਬੰਧ ਕਰ ਲੈਣ ਤਾਂ ਯਕੀਨੀ ਸਵੈ-ਮਾਣ ਨਾਲ ਜਿਉਣਗੇ ਅਤੇ ਖਿੜੇ ਰਹਿਣਗੇ। ਇਸ ਰੁਝੇਵੇਂ ਲਈ ਉਨ੍ਹਾਂ ਦੇ ਸ਼ੌਕ ਸਹਾਈ ਹੋ ਸਕਦੇ ਹਨ। ਕਿਤਾਬਾਂ ਪੜ੍ਹਨਾ ਬੜਾ ਵਧੀਆ ਸ਼ੌਕ ਹੈ। ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ ਨਾਲ ਮਨ ਦਾ ਖਜ਼ਾਨਾ ਖਾਲੀ ਨਹੀਂ ਹੁੰਦਾ, ਸਦਾ ਭਰਪੂਰ ਰਹਿੰਦਾ ਹੈ। ਇਹ ਅਮੀਰੀ ਤੁਹਾਨੂੰ ਆਪਣੇ ਅਤੇ ਦੂਜੇ ਸਾਥੀਆਂ ਨਾਲ ਸਾਂਝੀ ਕਰਨ 'ਤੇ ਸਵੈ-ਮਾਣ ਬਖਸ਼ਦੀ ਹੈ। ਤੁਹਾਡੀ ਗੱਲ ਸੁਣੀ ਜਾਂਦੀ ਹੈ। ਇਹ ਬੇਸ਼ਕੀਮਤੀ ਗੱਲ ਹੈ। ਜੇ ਤੁਹਾਨੂੰ ਲਿਖਣ ਦਾ ਸ਼ੌਕ ਹੈ ਤਾਂ ਇਹ ਉਮਰ ਤੁਹਾਨੂੰ ਖੁੱਲ੍ਹਾ ਮੌਕਾ ਦੇਂਦੀ ਹੈ। ਖੁੱਲ੍ਹ ਕੇ ਲਿਖੋ। ਵੇਖਣ ਵਿੱਚ ਆਇਆ ਹੈ ਕਿ ਲੇਖਕ ਤੇ ਚਿੰਤਕ ਲੰਮੀ ਉਮਰ ਭੋਗਦੇ ਹਨ। ਬਾਗਬਾਨੀ, ਪੌਦਿਆਂ ਦੀ ਦੇਖਭਾਲ, ਉਨ੍ਹਾਂ ਨੂੰ ਛਾਂਗਣਾ ਅਤੇ ਪਾਣੀ ਦੇਣਾ ਸ਼ੌਕ ਹੈ। ਸਿਆਣੇ ਲੋਕ ਫੁੱਲਾਂ ਨਾਲ ਗੱਲਾਂ ਕਰਦੇ ਹਨ। ਜੇ ਇਹ ਸ਼ੌਕ ਜਵਾਨੀ ਵੇਲੇ ਤੋਂ ਹੈ ਤਾਂ ਚੰਗੀ ਗੱਲ ਹੈ, ਵੱਡੀ ਉਮਰ ਵਿੱਚ ਵੀ ਇਹ ਅਪਣਾਇਆ ਜਾ ਸਕਦਾ ਹੈ।

ਜਿਹੜੇ ਲੋਕ ਆਰਥਿਕ ਪੱਖੋਂ ਅਮੀਰ ਹਨ, ਉਨ੍ਹਾਂ ਨੇ ਕਲੱਬ ਮੈਂਬਰੀ ਲੈ ਰੱਖੀ ਹੈ। ਲਗਭਗ ਸਾਰੇ ਸ਼ਹਿਰਾਂ ਵਿੱਚ ਸੀਨੀਅਰ ਸਿਟੀਜ਼ਨ ਕਲੱਬ ਹਨ। ਉਨ੍ਹਾਂ ਵਿੱਚ ਜਾਣਾ ਚੰਗਾ ਕਦਮ ਹੈ। ਇਕ ਦੂਜੇ ਨਾਲ ਮਿਲ ਬੈਠ ਕੇ ਦੁਖ ਸੁਖ ਸਾਂਝੇ ਹੋ ਜਾਂਦੇ ਹਨ। ਮਨ ਹੌਲਾ ਹੋ ਜਾਂਦਾ ਹੈ। ਕਈ ਦੇਸ਼ਾਂ ਵਿੱਚ ਅਜਿਹੇ ਪ੍ਰਬੰਧ ਹਨ ਕਿ ਕਲੱਬ ਵਾਲੇ ਤੁਹਾਨੂੰ ਘਰ ਤੋਂ ਕਲੱਬ ਤੱਕ ਲੈ ਜਾਂਦੇ ਹਨ। ਭਾਰਤ ਵਿੱਚ ਵੀ ਕਈ ਸ਼ਹਿਰਾਂ ਵਿੱਚ ਇਹ ਪ੍ਰਬੰਧ ਹੋਣਗੇ। ਇਨ੍ਹਾਂ ਦਾ ਫਾਇਦਾ ਉਠਾਓ। ਕੋਈ ਨਵੀਂ ਭਾਸ਼ਾ ਸਿੱਖਣੀ ਜਾਂ ਕੋਈ ਹੋਰ ਹੁਨਰ ਸਿੱਖਣਾ ਜਾਂ ਵਿਕਸਤ ਕਰਨਾ ਵੀ ਸੰਭਵ ਹੈ। ਸਿਰਫ ਤੁਹਾਡੀ ਇੱਛਾ ਸ਼ਕਤੀ ਤੇ ਆਤਮ ਬਲ ਹੋਣਾ ਚਾਹੀਦਾ ਹੈ। ਮੇਰੇ ਇਕ ਨੇਵੀ ਤੋਂ ਸੇਵਾ ਮੁਕਤ ਮਿੱਤਰ, ਜੋ ਮੇਰੀ ਉਮਰ (ਭਾਵ 78 ਸਾਲ) ਦੇ ਹਨ, ਨੇ ਇਸ ਉਮਰ ਵਿੱਚ ਫਰੈਂਚ ਦਾ ਡਿਪਲੋਮਾ ਪ੍ਰਾਪਤ ਕੀਤਾ, ਤਬਲਾ ਵਜਾਉਣਾ ਸਿੱਖਿਆ ਤੇ ਕੰਪਿਊਟਰ 'ਤੇ ਪੰਜਾਬੀ ਟਾਈਪਿੰਗ ਕਰਨੀ ਸਿੱਖੀ ਹੈ। ਇਹ ਸਭ ਉਸ ਨੇ ਸਿਰਫ ਘਰ ਬੈਠੇ ਹੀ ਕੀਤਾ ਹੈ। ਤਬਲਾ ਵਜਾਉਣ ਲਈ ਉਸ ਨੇ ਇੱਕ ਤਬਲਾ ਮਾਸਟਰ ਤੋਂ ਸਿਖਲਾਈ ਜ਼ਰੂਰ ਲਈ ਹੈ, ਜੋ ਉਸ ਨੂੰ ਘਰ ਸਿਖਾਉਣ ਆਉਂਦਾ ਸੀ। ਅੱਜ ਕੱਲ੍ਹ ਉਹ ਆਪਣੀਆਂ ਲਿਖਤਾਂ ਆਪ ਟਾਈਪ ਕਰਦਾ ਹੈ। ਉਸ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਅਤੇ ਉੜੀਆ ਭਾਸ਼ਾਵਾਂ ਦਾ ਗਿਆਨ ਪਹਿਲਾਂ ਹੀ ਸੀ, ਉਸ ਨੇ ਬੰਗਾਲੀ ਭਾਸ਼ਾ ਆਪਣੀ ਨੂੰਹ ਕੋਲੋਂ ਸਿੱਖ ਲਈ ਹੈ। ਇਹ ਕਰਾਮਾਤ ਸਾਰੀ ਸ਼ੌਕਾਂ ਦੀ ਹੈ। ਇਸ ਲਈ ਆਪਣੇ ਸ਼ੌਕ ਵਧਾਓ। ਜੇ ਤੁਸੀਂ ਪੜ੍ਹੇ ਲਿਖੇ ਹੋ ਤਾਂ ਗਲੀ ਮੁਹੱਲੇ ਦੇ ਬੱਚਿਆਂ ਨੂੰ ਮੁਫਤ ਟਿਊਸ਼ਨ ਦੇ ਸਕਦੇ ਹੋ। ਇਸ ਨਾਲ ਤੁਹਾਡਾ ਮਨ ਲੱਗਾ ਰਹੇਗਾ ਤੇ ਬੱਚਿਆਂ ਦਾ ਭਲਾ ਹੋਵੇਗਾ। 'ਪ੍ਰੀਤਲੜੀ' ਦੇ ਬਾਨੀ ਗੁਰਬਖਸ਼ ਸਿੰਘ ਨੇ ਇਕ ਲੇਖ ਵਿੱਚ ਸੁਝਾਅ ਦਿੱਤਾ ਸੀ ਕਿ ਘਰੋਂ ਬਾਹਰ ਨਿਕਲੋ, ਤੁਹਾਨੂੰ ਕੋਈ ਰਾਹ ਪੁੱਛਣ ਵਾਲਾ ਮਿਲ ਜਾਏਗਾ। ਕਿਸੇ ਹਸਪਤਾਲ ਦੇ ਬਾਹਰ ਖੜੇ ਹੋਵੋ ਤੇ ਅਣਜਾਨ ਰਾਹੀਆਂ ਨੂੰ ਗਾਇਡੈਂਸ ਦਿਓ। ਜੇ ਇਹ ਨਹੀਂ ਤਾਂ ਤੁਸੀਂ ਪਤਨੀ ਦੀ ਸਬਜ਼ੀ ਕੱਟਣ ਵਿੱਚ ਮਦਦ ਕਰ ਸਕਦੇ ਹੋ। ਮੰਤਵ ਸਿਰਫ ਇਹ ਹੈ ਕਿ ਆਪਣੇ ਆਪ ਨੂੰ ਰੁੱਝੇ ਰੱਖੋ। ਕੰਮ ਦੀ ਚੋਣ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦੀ ਹੈ।

ਵਡੇਰੀ ਉਮਰ ਦੇ ਬਹੁਤ ਫਾਇਦੇ ਹਨ। ਤੁਹਾਡੇ ਦੁਆਲੇ ਖੇਡਦੇ ਪੋਤੇ, ਪੋਤੀਆਂ ਦੀਆਂ ਪਿਆਰੀਆਂ ਕਿਲਕਾਰੀਆਂ ਸੁਣੋ। ਉਨ੍ਹਾਂ ਦੀ ਤੋਤਲੀ ਜ਼ੁਬਾਨ ਦੀਆਂ ਫਰਮਾਇਸ਼ਾਂ ਪੂਰੀਆਂ ਕਰੋ। ਉਹ ਤੁਹਾਡੇ ਸਜੀਵ ਖਿਡਾਉਣੇ ਹਨ। ਆਪਣੇ ਆਪ ਨੂੰ ਚਿੰਤਾ ਮੁਕਤ ਰੱਖੋ। ਹਮੇਸ਼ਾ ਆਪਣੇ ਮਨ ਦੀਆਂ ਤਰੰਗਾਂ ਨੂੰ ਜਵਾਨ ਰੱਖੋ। ਸੁਸਤੀ ਦਾ ਜੀਵਨ ਤਿਆਗੋ। ਇਕ ਥਾਂ ਬੈਠੇ ਨਾ ਰਹੋ, ਤੁਰੋ ਫਿਰੋ। ਆਪਣੀ ਸਮਰੱਥਾ ਮੁਤਾਬਕ ਕਸਰਤ ਕਰੋ। ਨਹੀਂ ਤਾਂ ਜਿੰਨੀ ਹੋ ਸਕੇ, ਸੈਰ ਕਰੋ। ਜੇ ਬੈਠਣਾ ਹੈ ਤਾਂ ਇਕ ਅੱਧਾ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਕੋਲ ਰੱਖੋ ਤੇ ਉਸ ਨੂੰ ਨਿਰੰਤਰ ਪੜ੍ਹਦੇ ਰਹੋ। ਵਕਤ ਸੋਹਣਾ ਬੀਤ ਜਾਵੇਗਾ। ਹਰ ਸਵੇਰ ਉਠਣ ਤੋਂ ਬਾਅਦ ਹਫੀਜ਼ ਜਲੰਧਰੀ ਦੀ ਕਵਿਤਾ ਨੂੰ ਦੁਹਰਾਉਂਦਿਆਂ ਬੋਲੋ:

ਅਭੀ ਤੋ ਮੈਂ ਜਵਾਨ ਹੂੰ..।

# ਹਾਕੀ ਦਾ ਸਰਦਾਰ-ਬਲਬੀਰ ਸਿੰਘ ਸੀਨੀਅਰ






ਜਗਜੀਤ ਸਿੰਘ ਗਣੇਸ਼ਪੁਰ
94655 76022

ਕਦੇ ਸਮਾਂ ਸੀ ਕਿ ਪੂਰੀ ਦੁਨੀਆ ਵਿੱਚ ਭਾਰਤੀ ਹਾਕੀ ਟੀਮ ਦੀ ਤੂਤੀ ਬੋਲਦੀ ਸੀ ਅਤੇ ਭਾਰਤੀ ਟੀਮ ਵਿੱਚ ਸਰਦਾਰ ਖਿਡਾਰੀਆ ਦਾ ਬੋਲਬਾਲਾ ਸੀ।ਅੰਤਰਰਾਸ਼ਟਰੀ ਪੱਧਰ ਤੇ 18 ਦੇਸ਼ਾਂ ਦੀਆਂ ਰਾਸ਼ਟਰੀ ਟੀਮਾਂ ਵਿੱਚ ਸਿੱਖ ਖਿਡਾਰੀ ਆਪਣੀ ਖੇਡ ਕਲਾਂ ਦਾ ਪ੍ਰਦਰਸ਼ਨ ਕਰ ਚੁੱਕੇ ਹਨ।ਸਿੱਖ ਖਿਡਾਰੀਆਂ ਦੇ ਭਾਰਤੀ ਟੀਮ ਵਿੱਚ ਪਾਏ ਯੋਗਦਾਨ ਦਾ ਇਸ ਤੱਥ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 1928 ਤੋਂ ਲੈ ਕੇ ਸੋਨਾ ਤਗਮਾ ਜੇਤੂ ਹਰੇਕ ਭਾਰਤੀ ਟੀਮ ਦਾ ਹਿੱਸਾ ਰਹੇ।1968 'ਚ ਮੈਕਸੀਕੋ ਓਲਪਿੰਕ ਵਿੱਚ ਕੁੱਲ 18 ਖਿਡਾਰੀਆਂ ਵਿੱਚ 13 ਸਿੱਖ ਖਿਡਾਰੀ ਸਨ।ਸਿੱਖ ਸਰਦਾਰ ਓਲਪਿੰਕ,ਵਿਸ਼ਵ ਕੱਪ,ਚੈਂਪੀਅਨਜ਼ ਟਰਾਫ਼ੀ ਅਤੇ ਏਸ਼ੀਅਨ ਖੇਡਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵਜੋਂ ਨੁਮਾਇੰਦਗੀ ਕਰ ਚੁੱਕੇ ਹਨ।ਇਨ੍ਹਾਂ ਵਿੱਚੋਂ ਹੀ ਇਕ ਭਾਰਤੀ ਟੀਮ ਦੇ ਸਫਲ ਕਪਤਾਨ ਅਤੇ ਮਹਾਨ ਸੈਂਟਰ ਫਾਰਵਰਡ ਖਿਡਾਰੀ ਰਹੇ ਸ.ਬਲਬੀਰ ਸਿੰਘ ਸੀਨੀਅਰ ਹਨ ਜਿੰਨਾ ਆਪਣੀ ਖੇਡ ਕਲਾਂ ਦੀ ਧਾਕ ਪੂਰੀ ਦੁਨੀਆ ਵਿੱਚ ਪਾਈ।ਉਨ੍ਹਾਂ ਦਾ ਪੂਰਾ ਨਾਮ ਬਲਬੀਰ ਸਿੰਘ ਦੁਸਾਂਝ ਹੈ ਪਰ ਪੂਰੀ ਦੁਨੀਆ ਉਨ੍ਹਾਂ ਨੂੰ ਬਲਬੀਰ ਸਿੰਘ ਸੀਨੀਅਰ ਦੇ ਨਾਮ ਨਾਲ ਜਾਣਦੀ ਹੈ।ਸ. ਬਲਬੀਰ ਸਿੰਘ ਜੀ ਦਾ ਜਨਮ 31/12/1923 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ।ਉਨ੍ਹਾਂ ਦੇ ਪਿਤਾ ਸ. ਦਲੀਪ ਸਿੰਘ ਸੀ ਜੋ ਕਿ ਇਕ ਅਜ਼ਾਦੀ ਘੁਲਾਟੀਏ ਸਨ ਅਤੇ ਮਾਤਾ ਜੀ ਦਾ ਨਾਮ ਕਰਮ ਕੌਰ ਸੀ।ਸ. ਬਲਬੀਰ ਸਿੰਘ ਦਾ ਜੱਦੀ ਪਿੰਡ ਪੁਆਦੜਾ ਹੈ ਜੋ ਕਿ ਜ਼ਿਲ੍ਹਾ ਜਲੰਧਰ ਵਿੱਚ ਹੀ ਪੈਂਦਾ ਹੈ।ਬਲਬੀਰ ਸਿੰਘ ਜੀ ਨੇ ਮੋਗੇ ਦੇ ਦੇਵ ਸਮਾਜ ਸਕੂਲ ਵਿਖੇ ਆਪਣੇ ਖੇਡ ਜੀਵਨ ਦੀ ਸ਼ੁਰੂਆਤ ਗੋਲ-ਕੀਪਰ ਵਜੋਂ ਕੀਤੀ ਪਰ ਬਾਅਦ ਵਿੱਚ ਉਹ ਫਾਰਵਰਡ ਲਾਈਨ ਵਿੱਚ ਖੇਡਣ ਲੱਗੇ। ਸ. ਹਰਬੇਲ ਸਿੰਘ ਜੋ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਟੀਮ ਦੇ ਕੋਚ ਸਨ ਉਹ ਬਲਬੀਰ ਸਿੰਘ ਦੀ ਖੇਡ ਕਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੇ ਜ਼ੋਰ ਦੇਣ ਤੇ ਬਲਬੀਰ ਸਿੰਘ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਖ਼ਾਲਸਾ ਕਾਲਜ ਅੰਮ੍ਰਿਤਸਰ 1942 'ਚ ਵਿੱਚ ਆ ਕੇ ਉਨ੍ਹਾਂ ਦੀ ਦੇਖ ਰੇਖ ਵਿੱਚ ਹਾਕੀ ਖੇਡਣ ਲੱਗੇ ।1942'ਚ ਹੀ ਉਨ੍ਹਾਂ ਦੀ ਪੰਜਾਬ ਯੂਨੀਵਰਸਿਟੀ ਦੀ ਟੀਮ ਵਿੱਚ ਚੋਣ ਹੋਈ ਅਤੇ ਉਨ੍ਹਾਂ ਦੀ ਕਪਤਾਨੀ ਦੇ ਅੰਦਰ ਹੀ ਯੂਨੀਵਰਸਿਟੀ ਲਗਾਤਾਰ 1943,44,45 ਵਿੱਚ ਇੰਟਰ ਯੂਨੀਵਰਸਿਟੀ ਖ਼ਿਤਾਬ ਜਿੱਤਣ ਵਿੱਚ ਕਾਮਯਾਬ ਰਹੀ।ਉਹ ਵੰਡ ਤੋਂ ਪਹਿਲਾ ਦੇ ਪੰਜਾਬ ਦੀ 1947 'ਚ ਨੈਸ਼ਨਲ ਚੈਂਪੀਅਨ ਜਿੱਤਣ ਵਾਲੀ ਟੀਮ ਦੇ ਖਿਡਾਰੀ ਵੀ ਰਹੇ।ਪੰਜਾਬ ਪੁਲਿਸ ਵਿੱਚ ਨੌਕਰੀ ਕਰਦੇ ਉਨ੍ਹਾਂ ਨੇ 1941 ਤੋਂ 1961 ਤੱਕ ਪੰਜਾਬ ਪੁਲਿਸ ਹਾਕੀ ਟੀਮ ਦੀ ਕਪਤਾਨੀ ਵੀ ਕੀਤੀ।

ਉਨ੍ਹਾਂ ਨੇ ਆਪਣੀ ਪਹਿਲੀ ਲੰਡਨ ਓਲਪਿੰਕ 1948'ਚ ਆਪਣੇ ਪਹਿਲੇ ਹੀ ਮੈਚ ਵਿੱਚ ਅਰਜਨਟੀਨਾ ਦੇ ਖ਼ਿਲਾਫ਼ 6 ਗੋਲ ਹੀ ਨਹੀਂ ਕੀਤੇ ਸਗੋਂ ਹੈਟ੍ਰਿਕ ਵੀ ਬਣਾਈ ।ਫਾਈਨਲ ਮੈਚ ਵਿੱਚ ਭਾਰਤ ਨੇ ਬਰਤਾਨੀਆ ਜਿਨ੍ਹਾਂ ਨੇ ਸਾਡੇ ਦੇਸ਼ ਤੇ 200 ਸਾਲ ਰਾਜ ਕੀਤਾ ਉਸ ਦੇਸ਼ ਦੀ ਟੀਮ ਨੂੰ ਉਸ ਦੇ ਖੇਡ ਮੈਦਾਨ ਅੰਦਰ 4-0 ਨਾਲ ਹਰਾਇਆ ,ਇਸ ਵਿੱਚ ਬਲਬੀਰ ਸਿੰਘ ਦੇ ਵੀ 2 ਸ਼ਾਨਦਾਰ ਗੋਲ ਸ਼ਾਮਿਲ ਸਨ।ਇਸ ਓਲਪਿੰਕ ਵਿੱਚ ਸ. ਬਲਬੀਰ ਸਿੰਘ ਨੂੰ ਖੇਡ ਰਾਜਨੀਤੀ ਦਾ ਵੀ ਸ਼ਿਕਾਰ ਹੋਣਾ ਪਿਆ ਤੇ ਉਹ ਕੁਝ ਮੈਚ ਨਹੀਂ ਖੇਡ ਸਕੇ।1952 'ਚ ਹੈਲਸਿੰਕੀ,ਫਿਨਲੈਂਡ ਵਿੱਚ ਹੋਇਆ ਓਲਪਿੰਕ ਖੇਡਾਂ ਵਿੱਚ ਉਨ੍ਹਾਂ ਨੂੰ ਭਾਰਤੀ ਖੇਡ ਦਲ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਅਤੇ ਉਹ ਭਾਰਤੀ ਹਾਕੀ ਟੀਮ ਦੇ ਵਾਈਸ ਕੈਪਟਨ ਵਜੋਂ ਖੇਡੇ।ਇਸ ਓਲਪਿੰਕ ਵਿੱਚ ਬਰਤਾਨੀਆ ਦੇ ਖ਼ਿਲਾਫ਼ ਸੈਮੀ ਫਾਈਨਲ ਵਿੱਚ ਉਨ੍ਹਾਂ ਨੇ ਇਕ ਵਾਰ ਫਿਰ ਹੈਟ-ਟ੍ਰਿਕ ਬਣਾਈ ,ਇਹ ਮੈਚ ਭਾਰਤ ਬਲਬੀਰ ਸਿੰਘ ਦੇ ਹੀ ਤਿੰਨ ਗੋਲਾਂ ਨਾਲ ਜਿੱਤਿਆ।ਫਾਈਨਲ ਵਿੱਚ ਉਨ੍ਹਾਂ ਨੇ ਜੋ ਰਿਕਾਰਡ ਬਣਾਇਆ ਉਹ ਅੱਜ 66 ਸਾਲ ਹੋਣ ਤੋਂ ਬਾਅਦ ਵੀ ਕਾਇਮ ਹੈ ਜਦੋਂ ਬਲਬੀਰ ਸਿੰਘ ਨੇ ਇਕ ਤੋਂ ਬਾਅਦ ਇਕ ਪੰਜ ਗੋਲ ਕਰਕੇ ਭਾਰਤ ਨੂੰ ਨੀਦਰਲੈਂਡ ਦੇ ਖ਼ਿਲਾਫ਼ 6-1 ਨਾਲ ਵੱਡੀ ਜਿੱਤ ਦਿਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ।ਇਸ ਰਿਕਾਰਡ ਲਈ ਉਨ੍ਹਾਂ ਦਾ ਨਾਮ ਗਿਨਿਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਇਸ ਹੀ ਓਲਪਿੰਕ ਵਿੱਚ ਇਕ ਰੋਚਕ ਘਟਨਾ ਵੀ ਵਾਪਰੀ ਜਦੋਂ ਇਕ ਮਹਿਲਾ ਪ੍ਰਸੰਸਕ ਨੇ ਬਲਬੀਰ ਸਿੰਘ ਦੀ ਜਰਸੀ ਦਾ 13 ਨੰਬਰ ਹੋਣ ਕਾਰਨ ਉਸ ਨੂੰ ਕਿਹਾ ਕਿ ਇਹ ਨੰਬਰ ਸ਼ੁੱਭ ਨਹੀਂ ਮੰਨਿਆ ਜਾਂਦਾ ਪਰ ਬਲਬੀਰ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਸਾਡੀ ਸੰਸਕ੍ਰਿਤੀ ਅਨੁਸਾਰ 13 ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ ਇਸ ਲਈ ਇਹ ਮੇਰੇ ਲਈ ਅਸ਼ੁਭ ਨਹੀਂ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਓਲਪਿੰਕ ਵਿੱਚ ਭਾਰਤੀ ਟੀਮ ਨੇ ਕੁੱਲ ਗੋਲ ਵੀ 13 ਹੀ ਕੀਤੇ ਜਿਸ ਵਿੱਚ ਬਲਬੀਰ ਸਿੰਘ ਦੇ 9 ਗੋਲ ਸ਼ਾਮਿਲ ਸਨ।

1956'ਚ ਮੈਲਬੋਰਨ,ਅਸਟ੍ਰੇਲੀਆ ਵਿੱਚ ਹੋਈਆਂ ਓਲਪਿੰਕ ਖੇਡਾਂ ਵਿੱਚ ਬਲਬੀਰ ਸਿੰਘ ਨੂੰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ।ਉਨ੍ਹਾਂ ਨੇ ਆਪਣੇ ਪਹਿਲੇ ਹੀ ਮੈਚ ਵਿੱਚ ਅਫ਼ਗਾਨਿਸਤਾਨ ਦੇ ਖ਼ਿਲਾਫ਼ ਪੰਜ ਗੋਲ ਕੀਤੇ ਪਰ ਬਦਕਿਸਮਤੀ ਨਾਲ ਸੱਟ ਲੱਗਣ ਕਾਰਨ ਲੀਗ ਮੈਚ ਖੇਡ ਨਹੀਂ ਸਕੇ ਅਤੇ ਰਣਧੀਰ ਸਿੰਘ ਇੰਨਾ ਮੁਕਾਬਲਿਆਂ ਵਿੱਚ ਕਪਤਾਨੀ ਦੀ ਜ਼ਿੰਮੇਵਾਰੀ ਨਿਭਾਈ ।ਬਲਬੀਰ ਸਿੰਘ ਇਸ ਤੋਂ ਬਾਅਦ ਹੋਏ ਸੈਮੀ ਫਾਈਨਲ ਅਤੇ ਫਾਈਨਲ ਮੁਕਾਬਲਾ ਖੇਡੇ।ਭਾਰਤ ਨੇ ਸੋਨ ਤਗਮਾ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 1-0 ਨਾਲ ਹਰਾ ਕੇ ਜਿੱਤਿਆ।ਉਨ੍ਹਾਂ ਨੂੰ ਤਿੰਨ ਵਾਰ ਓਲਪਿੰਕ ਜੇਤੂ ਟੀਮ ਦਾ ਹਿੱਸਾ ਹੋਣ ਕਾਰਨ ਗੋਲਡਨ ਹੈਟ੍ਰਿਕ ਵਾਲਾ ਬਲਬੀਰ ਵੀ ਕਿਹਾ ਜਾਣ ਲੱਗਾ।

1957'ਚ ਸ. ਬਲਬੀਰ ਸਿੰਘ ਖੇਡ ਵਰਗ ਵਿੱਚ ਪਦਮ ਮੈਟ੍ਰਿਕ ਪ੍ਰਾਪਤ ਕਰਨ ਵਾਲ ਪਹਿਲੇ ਖਿਡਾਰੀ ਬਣੇ।ਉਹ ਭਾਰਤੀ ਟੀਮ ਜਿਹੜੀ 1958 ਅਤੇ 1962 ਦੀਆਂ ਚਾਂਦੀ ਦਾ ਤਗਮਾ ਜਿੱਤਣ ਵਾਲੀ ਟੀਮ ਦੇ ਮੈਂਬਰ ਰਹੇ।1971 ਦੀ ਵਿਸ਼ਵ ਕੱਪ ਵਿੱਚ ਤਾਂਬੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਉਹ ਕੋਚ ਰਹੇ ਅਤੇ 1975 ਦੀ ਵਿਸ਼ਵ ਕੱਪ ਵਿਜੇਤਾ ਟੀਮ ਦੇ ਉਹ ਚੀਫ਼ ਕੋਚ ਅਤੇ ਮੈਨੇਜਰ ਰਹੇ।ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀ ਮੌਤ ਹੋਣ ਅਤੇ ਆਪਣੀ ਧਰਮ ਪਤਨੀ ਸੁਸ਼ੀਲ ਕੌਰ ਨੂੰ ਬਰੇਨ ਸਟ੍ਰੋਕ ਹੋਣ ਦੇ ਬਾਵਜੂਦ ਭਾਰਤੀ ਟੀਮ ਦੀ ਸਿਖਲਾਈ ਵਿੱਚ ਕੋਈ ਵਿਘਨ ਨਹੀਂ ਆਉਣ ਦਿੱਤਾ ਉਹ ਕਹਿੰਦੇ ਹਨ ਕਿ ਦੇਸ਼ ਸਭ ਤੋਂ ਪਹਿਲਾ,ਉਨ੍ਹਾਂ ਦੇ ਇਸ ਜਜ਼ਬੇ ਦੇ ਫਲਸਰੂਪ ਹੀ ਭਾਰਤੀ ਟੀਮ 1975 'ਚ ਵਿਸ਼ਵ ਵਿਜੇਤਾ ਬਣੀ।ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀ ਖੇਡ ਉਪਲਬਧੀਆਂ ਲਈ ਕਈ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ।1958 'ਚ ਡੋਮੈਨਿਕ ਗਣਰਾਜ ਦੁਆਰਾ 1956 ਦੇ ਉਲੰਪਿਕ ਦੀ ਯਾਦਗਾਰ ਮਨਾਉਣ ਲਈ ਉਨ੍ਹਾਂ ਤੇ ਡਾਕ ਟਿਕਟ ਵੀ ਜਾਰੀ ਕੀਤਾ ਗਿਆ।1982'ਚ ਨਵੀਂ ਦਿੱਲੀ ਵਿੱਚ ਹੋਈਆਂ ਏਸ਼ੀਆ ਖੇਡਾਂ ਮੌਕੇ ਉਨ੍ਹਾਂ ਦੁਆਰਾ ਹੀ ਪਵਿੱਤਰ ਲਾਟ ਨੂੰ ਰੌਸ਼ਨ ਕੀਤਾ ਗਿਆ ਸੀ ।ਇਸ ਤੋਂ ਇਲਾਵਾ, ਸਾਲ 1 9 82 ਵਿਚ ਪੈਟਰੋਇਟ ਅਖ਼ਬਾਰ ਦੁਆਰਾ ਕਰਵਾਏ ਗਏ ਇਕ ਕੌਮੀ ਸਰਵੇਖਣ ਵਿਚ ਉਨ੍ਹਾਂ ਨੂੰ ਸਦੀ ਦੇ ਭਾਰਤੀ ਖਿਡਾਰੀ ਵਜੋਂ ਚੁਣਿਆ ਗਿਆ ।

2006 'ਚ ਉਨ੍ਹਾਂ ਨੂੰ ਸਭ ਤੋ ਸਰਵੋ-ਤਮ ਸਿੱਖ ਹਾਕੀ ਖਿਡਾਰੀ ਦੇ ਸਨਮਾਨ ਨਾਲ ਨਿਵਾਜਿਆ ਗਿਆ।2012 'ਚ ਉਹ ਏਸ਼ੀਆ ਮਹਾਂਦੀਪ ਤੋਂ ਇਕਲੌਤੇ ਖਿਡਾਰੀ ਹਨ ਜਿਨ੍ਹਾਂ ਨੂੰ ਕਿ ਕੌਮਾਂਤਰੀ ਓਲਪਿੰਕ ਕਮੇਟੀ ਨੇ ਓਲਪਿੰਕ ਇਤਿਹਾਸ ਦੇ 16 ਆਈਕਾਨ ਖਿਡਾਰੀਆਂ ਵਿੱਚ ਸ਼ਾਮਿਲ ਕੀਤਾ ਜਿਨ੍ਹਾਂ ਵਿੱਚ ਅੱਠ ਪੁਰਸ਼ ਅਤੇ ਅੱਠ ਮਹਿਲਾ ਖਿਡਾਰੀ ਸ਼ਾਮਲ ਸਨ।2015 'ਚ ਸ. ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਮੇਜਰ ਧਿਆਨ ਚੰਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ "ਦੀ ਗੋਲਡਨ ਹੈਟ-ਟ੍ਰਿਕ (1977) ਅਤੇ ਦੀ ਗੋਲਡਨ ਯਾਰਡ ਸਟਿੱਕ (2008) ਜਿਨ੍ਹਾਂ ਵਿੱਚ ਪਹਿਲੀ ਉਨ੍ਹਾਂ ਦੀ ਸਵੈਜੀਵਨੀ ਹੈ।ਉਹ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਵਜੋਂ ਵੀ ਆਪਣੀਆਂ ਸੇਵਾ ਨਿਭਾ ਚੁੱਕੇ ਹਨ।ਉਹ ਅੱਜਕੱਲ੍ਹ ਚੰਡੀਗੜ੍ਹ ਵਿੱਚ ਰਹਿ ਰਹੇ ਹਨ।2016 'ਚ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਖੇਲ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਸ. ਬਲਬੀਰ ਸਿੰਘ ਜੀ ਦੀਆਂ ਹੁਣ ਦੋ ਇੱਛਾਵਾਂ ਹਨ ਇਕ ਤਾਂ ਉਹ ਭਾਰਤੀ ਹਾਕੀ ਟੀਮ ਓਲਪਿੰਕ ਵਿੱਚ ਸੋਨ ਤਗਮਾ ਜਿੱਤਦੇ ਦੇਖਣਾ ਚਾਹੁੰਦੇ ਹਨ ਤੇ ਦੂਜੀ ਉਨ੍ਹਾਂ ਦੇ ਮੈਡਲ ਅਤੇ ਬਲੈਜ਼ਰ ਜੋ ਕਿ ਸਪੋਰਟਸ ਅਥਾਰਿਟੀ ਆਫ਼ ਇੰਡੀਆ ਨੂੰ ਸਪੋਰਟਸ ਮਿਊਜ਼ੀਅਮ ਵਿੱਚ ਰੱਖਣ ਨੂੰ ਦਿੱਤੇ ਸਨ ਜੋ ਕਿ ਸ਼ਾਇਦ ਲਾਪਤਾ ਹੋ ਗਏ ਹਨ ਉਹ ਉਨ੍ਹਾਂ ਨੂੰ ਵਾਪਸ ਮਿਲ ਜਾਣ।ਆਪਣੇ ਦੇਸ਼ ਨਾਲ ਅਥਾਹ ਪਿਆਰ ਅਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਵਾਲੇ ਇਸ ਮਹਾਨ ਖਿਡਾਰੀ ਨੂੰ 'ਭਾਰਤ ਰਤਨ' ਦਿਵਾਉਣ ਲਈ ਕਈ ਮੁਹਿੰਮਾਂ ਚਲਾਈਆਂ ਗਈਆਂ ਪਰ ਹਾਲੇ ਤੱਕ ਉਨ੍ਹਾਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ। ਉਨ੍ਹਾਂ ਦੇ ਜੀਵਨ ਭਰ ਦੀਆਂ ਪ੍ਰਾਪਤੀਆ ਦੇਖਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਸਨਮਾਨ ਦੇ ਪ੍ਰਬਲ ਦਾਅਵੇਦਾਰ ਹਨ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਅਸਲ ਸੰਦੇਸ਼ ਕੀ ਸੀ 'ਧਰਤਿ ਲੋਕਾਈ' ਸੋਧਣ ਵਾਲੇ 'ਜਗਤੁ ਗੁਰੂ ਬਾਬਾ' ਨਾਨਕ ਦੇਵ ਜੀ ਦਾ



ਜਤਿੰਦਰ ਪੰਨੂ

ਜਿਨ੍ਹਾਂ ਲੋਕਾਂ ਨੇ ਸਿੱਖੀ ਦਾ ਬੂਟਾ ਲਾਉਣ ਵਾਲੇ ਗੁਰੂ ਦਾ ਪੰਜ ਸੌਵਾਂ ਪ੍ਰਕਾਸ਼ ਉਤਸਵ ਮਨਾਏ ਜਾਣ ਨੂੰ ਪੰਜਾਹ ਸਾਲ ਪਹਿਲਾਂ ਵੇਖਿਆ ਤੇ ਇਸ ਵਿੱਚ ਸ਼ਾਮਲ ਹੋਏ ਸਨ, ਅਸੀਂ ਉਨ੍ਹਾਂ ਲੋਕਾਂ ਵਿੱਚੋਂ ਹਾਂ। ਸਾਨੂੰ ਛੋਟੀ ਉਮਰੇ ਇਹ ਕਹਿ ਕੇ ਓਦੋਂ ਅੰਮ੍ਰਿਤ ਵੇਲੇ ਲਿਆ ਕੇ ਸੜਕਾਂ ਉੱਤੇ ਖੜੇ ਕਰ ਦਿੱਤਾ ਗਿਆ ਸੀ ਕਿ ਨਗਰ ਕੀਰਤਨ ਲੰਘਣਾ ਹੈ, ਜਿਹੜਾ ਦਰਸ਼ਨ ਕਰ ਲਵੇਗਾ, ਉਸ ਦਾ ਭਲਾ ਹੋ ਜਾਵੇਗਾ। ਸਾਰੇ ਲੋਕ ਗਏ ਅਤੇ ਅਸੀਂ ਵੀ ਗਏ ਸਾਂ। ਕਈ ਸਾਲਾਂ ਪਿੱਛੋਂ ਸਾਨੂੰ ਏਦਾਂ ਦਾ ਖਿਆਲ ਆਉਣਾ ਸ਼ੁਰੂ ਹੋਇਆ ਕਿ ਸਿਰਫ ਦਰਸ਼ਨ ਕਰਨ ਨਾਲ ਭਲਾ ਨਹੀਂ ਹੁੰਦਾ, ਅਸਲ ਵਿੱਚ ਗੁਰੂ ਸਾਹਿਬ ਦਾ ਸੰਦੇਸ਼ ਸਮਝਣ ਦੀ ਲੋੜ ਹੈ ਤੇ ਗੁਰੂ ਸਾਹਿਬ ਜਦੋਂ ਮੱਕੇ, ਬਗਦਾਦ ਜਾਂ ਹੋਰ ਥਾਂਵਾਂ ਦੇ ਲੋਕਾਂ ਕੋਲ ਗਏ ਸਨ, ਉਹ ਦਰਸ਼ਨ ਦੇਣ ਨਹੀਂ ਸਨ ਗਏ, ਇੱਕ ਸੁੱਚੇ ਸਿਧਾਂਤ ਦਾ ਸੰਦੇਸ਼ ਵੰਡਣ ਗਏ ਸਨ। ਅੱਜ ਜਦੋਂ ਇੱਕ ਵਾਰ ਫਿਰ ਓਹੀ ਮਾਹੌਲ ਬਣ ਗਿਆ ਹੈ ਤੇ ਬਾਬੇ ਦੇ ਸਿਧਾਂਤ ਨੂੰ ਸੋਚ ਦਾ ਵਿਸ਼ਾ ਬਣਾਉਣ ਦੀ ਥਾਂ ਫਿਰ ਨਗਰ ਕੀਰਤਨਾਂ ਤੇ ਦਰਸ਼ਨਾਂ ਦੀ ਚਰਚਾ ਹਰ ਪਾਸੇ ਚੱਲਦੀ ਸੁਣਦੀ ਹੈ ਤਾਂ ਖਿਆਲ ਆਉਂਦਾ ਹੈ ਕਿ ਪੰਜਾਹ ਸਾਲਾਂ ਵਿੱਚ ਕਿਸੇ ਤਰ੍ਹਾਂ ਦਾ ਫਰਕ ਹੀ ਨਹੀਂ ਪਿਆ। ਜਿਹੜੇ ਪਾਸੇ ਲੋਕਾਂ ਨੂੰ ਓਦੋਂ ਲਾਇਆ ਜਾ ਰਿਹਾ ਸੀ, ਅੱਜ ਵੀ ਲਾਇਆ ਜਾ ਰਿਹਾ ਹੈ, ਬਾਬੇ ਦੇ ਸੰਦੇਸ਼ ਦੀ ਚਰਚਾ ਹੀ ਨਹੀਂ ਹੋ ਰਹੀ।

ਚੰਗੇ ਚੱਲਦੇ ਗੁਜ਼ਾਰੇ ਵਾਲੇ ਪਰਵਾਰ ਵਿੱਚ ਪੈਦਾ ਹੋਏ ਗੁਰੂ ਨਾਨਕ ਸਾਹਿਬ ਨੇ ਬਾਲ ਉਮਰ ਤੋਂ ਨਿਕਲਦੇ ਸਾਰ ਹੀ ਜਦੋਂ ਸਮਾਜ ਦੀ ਹਾਲਤ ਵੇਖੀ ਤਾਂ ਉਨ੍ਹਾਂ ਨੇ ਇਹ ਉਚਾਰਿਆ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

ਭਾਵ ਕਿ ਇਹ ਕਲਿਯੁਗੀ ਦੌਰ ਹੈ, ਜਿੱਥੇ ਰਾਜੇ ਬੁੱਚੜ ਬਣੇ ਹੋਏ ਹਨ ਤੇ ਧਰਮ ਖੰਭ ਲਾ ਕੇ ਉੱਡ ਜਾਣ ਪਿੱਛੋਂ ਝੂਠ ਦੇ ਪ੍ਰਪੰਚ ਵਾਲੀ ਮੱਸਿਆ ਦੀ ਰਾਤ ਵਾਲੀ ਹਾਲਤ ਵਿੱਚ ਸੱਚ ਦਾ ਚੰਦ ਚੜ੍ਹਿਆ ਕਿਤੇ ਨਹੀਂ ਦਿੱਸਦਾ। ਉਨ੍ਹਾਂ ਕਿਹਾ ਸੀ ਕਿ ਇਸ (ਸੱਚ) ਦੀ ਭਾਲ ਕਰਨ ਵਾਲਾ ਉਲਝਦਾ ਜਾਂਦਾ ਹੈ, ਅੰਧੇਰੇ ਵਿੱਚ ਕੋਈ ਰਾਹ ਨਹੀਂ ਦਿੱਸ-ਦਾ, ਹੰਕਾਰ ਨਾਲ ਭਰੇ ਹੋਏ ਲੋਕ ਅੰਦਰੂਨੀ ਪੀੜ ਨਾਲ ਤੜਫਦੇ ਰੋ ਰਹੇ ਹਨ, ਹੇ ਨਾਨਕ ਇਨ੍ਹਾਂ ਦਾ ਬਚਾਅ ਕਿੱਦਾਂ ਹੋਵੇਗਾ?

ਇਸ ਹਾਲਤ ਵਿੱਚ ਆਪਣੇ ਪਰਵਾਰ ਦੀਆਂ ਜ਼ਿਮੇਵਾਰੀਆਂ ਤੱਕ ਸੀਮਤ ਰਹਿਣ ਦੀ ਥਾਂ ਸੰਸਾਰ ਨੂੰ ਸੱਚ ਚੰਦਰਮਾ ਵੱਲ ਵੇਖਣ ਦਾ ਰਾਹ ਦੱਸਣ ਲਈ ਉਪਰਾਲਾ ਸ਼ੁਰੂ ਕੀਤਾ ਅਤੇ ਚਾਰ ਉਦਾਸੀਆਂ ਵਿੱਚ ਹਜ਼ਾਰਾਂ ਮੀਲ ਪੈਂਡਾ ਪੈਦਲ ਗਾਹ ਕੇ ਇੱਕ ਸੰਦੇਸ਼ ਦਿੱਤਾ ਸੀ। ਉਨ੍ਹਾਂ ਦੇ ਇਸ ਉਪਰਾਲੇ ਬਾਰੇ ਭਾਈ ਗੁਰਦਾਸ ਜੀ ਨੇ 'ਚੜਿਆ ਸੋਧਣਿ ਧਰਤਿ ਲੋਕਾਈ' ਵਾਲੀ ਗੱਲ ਆਪਣੀ ਸਭ ਤੋਂ ਪਹਿਲੀ ਵਾਰ ਵਿੱਚ ਜਦੋਂ ਕਹੀ ਤਾਂ ਐਵੇਂ ਨਹੀਂ ਸੀ ਕਹੀ। ਇਸ ਯਤਨ ਵਿੱਚ ਜਦੋਂ ਗੁਰੂ ਸਾਹਿਬ ਦਾ ਵਾਸਤਾ ਇੱਕ ਵਾਰੀ ਇਸਲਾਮ ਦੇ ਪ੍ਰਚਾਰਕਾਂ ਅਤੇ ਹਾਜੀਆਂ ਨਾਲ ਹੋਇਆ ਤਾਂ ਉਨ੍ਹਾਂ ਨੇ ਸਿੱਧਾ ਸਵਾਲ ਪੁੱਛਿਆ ਸੀ ਕਿ ਬਾਕੀ ਸਭ ਵਿਵਾਦ ਛੱਡ ਕੇ ਤੁਸੀਂ ਸਿਰਫ ਇਹ ਦੱਸੋ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ, ਕਿਉਂਕਿ ਓਦੋਂ ਤੱਕ ਸੰਸਾਰ ਦੇ ਇਸ ਪਾਸੇ ਦੋ ਧਰਮ ਹਿੰਦੂਆਂ ਤੇ ਮੁਸਲਮਾਨਾਂ ਦੇ ਹੀ ਸਨ। ਜਵਾਬ ਵਿੱਚ ਜੋ ਕੁਝ ਗੁਰੂ ਸਾਹਿਬ ਨੇ ਕਿਹਾ ਸੀ, ਉਹ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਵਿੱਚ ਲਿਖਦੇ ਹਨ ਕਿ 'ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।' ਕਿਸੇ ਇੱਕ ਜਾਂ ਦੂਸਰੇ ਧਰਮ ਦੇ ਹੋਣ ਨੂੰ ਵੱਡਾ ਜਾਂ ਛੋਟਾ ਕਹਿਣ ਦੀ ਥਾਂ ਜਿਹੜੇ ਗੁਰੂ ਬਾਬੇ ਨੇ



ਇਹ ਕਿਹਾ ਕਿ ਜੇ ਅਮਲ ਸ਼ੁਭ ਨਹੀਂ ਤਾਂ ਦੋਵਾਂ ਨੂੰ ਰੋਣਾ ਪੈਣਾ ਹੈ ਤਾਂ ਇਹ ਯਕੀਨੀ ਸਮਝਣਾ ਚਾਹੀਦਾ ਹੈ ਕਿ ਜੇ ਅਮਲ ਸ਼ੁਭ ਨਾ ਹੋਏ ਤਾਂ ਅੱਜ ਵਾਲੇ ਦੌਰ ਵਿੱਚ ਸਿਰਫ ਸਿੱਖ ਅਖਵਾਉਣ ਨਾਲ ਵੀ ਗੱਲ ਨਹੀਂ ਬਣਨੀ, ਅਮਲਾਂ ਨਾਲ ਨਿਬੇੜਾ ਹੋਣਾ ਹੈ। ਜਿਨ੍ਹਾਂ ਅਮਲਾਂ ਨਾਲ ਨਿਬੇੜਾ ਹੋਣਾ ਹੈ, ਉਹ ਕਿਤੋਂ ਪੁੱਛਣ ਦੀ ਲੋੜ ਨਹੀਂ, ਗੁਰੂ ਬਾਬੇ ਦੀ ਰਚਨਾ ਅਤੇ ਜੀਵਨ ਦੇ ਅਮਲ ਵਿੱਚੋਂ ਮਿਲ ਜਾਂਦੇ ਹਨ।

ਗੁਰੂ ਬਾਬੇ ਨੇ ਸਮਾਜ ਵਿੱਚ ਚੱਲਦੇ ਜਾਤ-ਪਾਤ ਦੇ ਵਿਤਕਰੇ ਦਾ ਸਖਤ ਵਿਰੋਧ ਕੀਤਾ ਤੇ ਆਖਿਆ ਸੀ ਕਿ:

ਜਾਤੀ ਦੈ ਕਿਆ ਹਥਿ, ਸਚੁ ਪਰਖੀਐ॥
ਮਹੁਰਾ ਹੋਵੈ ਹਥਿ, ਮਰੀਐ ਚਖੀਐ॥

ਭਾਵ ਇਹ ਕਿ ਜਾਤ ਨਾਲ ਕਿਸੇ ਤਰ੍ਹਾਂ ਦਾ ਫਰਕ ਨਹੀਂ ਪੈਂਦਾ, ਪਰਖ ਸੱਚ ਨਾਲ ਹੋਣੀ ਹੁੰਦੀ ਹੈ ਤੇ ਪਰਖ ਇਹ ਹੈ ਕਿ ਜ਼ਹਿਰ ਭਾਵੇਂ ਦੋਵਾਂ ਵਿੱਚੋਂ ਕਿਸੇ ਦੇ ਹੱਥ ਉੱਤੇ ਰੱਖ ਲਓ, ਖਾ ਲਿਆ ਤਾਂ ਜਾਤ ਦੇ ਵਖਰੇਵੇਂ ਹੁੰਦਿਆਂ ਵੀ ਮੌਤ ਦੋਵਾਂ ਦੀ ਹੋ ਜਾਂਦੀ ਹੈ। ਇਸ ਕਾਰਨ ਹੀ ਉਨ੍ਹਾਂ ਨੇ ਜਾਤ-ਪਾਤ ਦਾ ਸਖਤ ਵਿਰੋਧ ਕਰਨ ਵਾਸਤੇ ਅਗਲੀ ਗੱਲ ਕਹੀ ਸੀ:

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥

ਗੁਰੂ ਬਾਬਾ ਜੀ ਸਾਨੂੰ ਇਹ ਕਹਿੰਦੇ ਰਹੇ ਕਿ ਨੀਵੀਂ ਤੋਂ ਨੀਵੀਂ ਜਾਤ ਤੇ ਅੱਤ ਦੀ ਨੀਵੀਂ ਜਾਤ ਵੀ ਹੋਵੇ ਤਾਂ ਨਾਨਕ ਉਨ੍ਹਾਂ ਦੇ ਨਾਲ ਖੜਾ ਹੋਵੇਗਾ, ਵਡਿਆਂ ਨਾਲ ਅਸੀਂ ਨਹੀਂ ਖੜੇ ਹੋਣਾ, ਪਰ ਪੰਜ ਸੌ ਸਾਲਾ ਮਨਾਉਣ ਵੇਲੇ ਵੀ ਪੰਜਾਬ ਵਿੱਚ ਗੁਰੂ ਸਾਹਿਬ ਦੇ ਸੰਦੇਸ਼ ਦੇ ਉਲਟ ਜਾਤ-ਪਾਤ ਦੇ ਆਧਾਰ ਉੱਤੇ ਗੁਰਦੁਆਰੇ ਚੱਲਦੇ ਸਨ ਤੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਪੁਰਬ ਦੇ ਵਕਤ ਵੀ ਜਾਤ ਦਾ ਵਿਤਕਰਾ ਗੁਰੂ ਸਾਹਿਬ ਦੇ ਨਾਮ-ਲੇਵਿਆਂ ਦਾ ਖਹਿੜਾ ਨਹੀਂ ਛੱਡਦਾ ਜਾਪਦਾ।

ਇਹੋ ਨਹੀਂ, ਗੁਰੂ ਬਾਬੇ ਨੇ ਲੋਕਾਂ ਨੂੰ ਗ੍ਰਹਿਸਥ ਦਾ ਜੀਵਨ ਜਿਊਣ ਅਤੇ ਜੀਵਨ ਵਿੱਚ ਚੰਗੇ ਅਮਲ ਕਰਨ ਦੇ ਨਾਲ ਕਿਰਦਾਰ ਦੇ ਸੰਤ ਬਣਨ ਲਈ ਕਿਹਾ ਸੀ, ਪਰ ਅੱਜ ਓਸੇ ਗੁਰੂ ਬਾਬੇ ਦੇ ਨਾਂਅ ਉੱਤੇ ਬਣੇ ਹੋਏ ਡੇਰਿਆਂ ਵਿੱਚ ਬੈਠੇ ਹੋਏ ਸੰਤ ਕਹਾਉਂਦੇ ਲੋਕ ਉਲਟ ਵਿਹਾਰ ਕਰਦੇ ਦਿਖਾਈ ਦੇਂਦੇ ਸਨ। ਗੁਰੂ ਬਾਬਾ ਜੀ ਨੇ ਕਰਤਾਰਪੁਰ ਵਿੱਚ ਹਲ ਵਾਹਿਆ ਅਤੇ ਕਿਸਾਨ ਦੇ ਜੀਵਨ ਨਾਲ ਜੁੜੇ ਤਾਂ ਇਸ ਦਾ ਅਮਲ ਖੁਦ ਪੇਸ਼ ਕਰਨ ਦੇ ਬਾਅਦ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਸੀ:

ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ, ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ॥

ਇਸ ਦਾ ਭਾਵ ਇਹ ਸੀ ਕਿ ਮਨ ਦੇ ਹਲ਼ ਨਾਲ ਚੰਗੇ ਕੰਮਾਂ ਦੀ ਕਿਸਾਨੀ ਕਰ, ਸ਼ਰਮ ਦਾ ਪਾਣੀ ਦੇ ਕੇ ਆਪਣੇ ਤਨ ਦੇ ਖੇਤ ਅੰਦਰ ਨਾਮ ਦਾ ਬੀਜ ਬੀਜਣ ਦੇ ਬਾਅਦ (ਮਨ ਵਿੱਚ ਸੰਤ-ਗਿਰੀ ਦਾ ਹੰਕਾਰ ਨਾ ਆ ਜਾਵੇ), ਉਸ ਉੱਤੇ ਸਬਰ-ਸੰਤੋਖ ਦਾ ਸੁਹਾਗਾ ਫੇਰ ਕੇ ਗਰੀਬੀ (ਨਿਰਮਾਣਤਾ) ਦੀ ਭਾਵਨਾ ਨਾਲ ਜੀਵਨ ਬਤੀਤ ਕਰਿਆ ਕਰਿਓ। ਸਾਡੇ ਅਜੋਕੇ ਸੰਤ ਜਦੋਂ ਕਰੋੜਾਂ ਦੀ ਕੀਮਤ ਵਾਲੀਆਂ ਕਾਰਾਂ ਉੱਤੇ ਘੁੰਮਦੇ ਹਨ ਤਾਂ ਇਸ ਸ਼ਬਦ ਦਾ ਅਰਥ ਲੋਕਾਂ ਨੂੰ ਨਹੀਂ ਦੱਸ ਸਕਦੇ।

ਕਿਉਂਕਿ ਗੁਰੂ ਬਾਬਾ ਜੀ 'ਵਡਿਆ ਸਿਉ ਕਿਆ ਰੀਸ' ਦਾ ਉਪਦੇਸ਼ ਦੇ ਕੇ ਗਏ ਸੀ, ਗੁਰੂ ਸਾਹਿਬ ਨੇ ਕਿਰਤ ਕਰ ਕੇ ਖਾਣ ਵਾਲੇ ਭਾਈ ਲਾਲੋ ਨੂੰ ਪਹਿਲ ਦਿੱਤੀ ਸੀ, ਇਸ ਲਈ ਅੱਜ ਜਦੋਂ ਓਸੇ ਗੁਰੂ ਸਾਹਿਬ ਦਾ ਪੰਜ ਸੌ ਪੰਜਾਹਵਾਂ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ, ਉਸ ਦੇ ਸੰਦੇਸ਼ ਦੀ ਮਹਿਮਾ ਪਛਾਨਣੀ ਵੀ ਭਾਈ ਲਾਲੋਆਂ ਦਾ ਫਰਜ਼ ਹੈ। ਜਿਹੋ ਜਿਹਾ ਮਾਹੌਲ ਬਣੀ ਜਾਂਦਾ ਹੈ, ਸਾਨੂੰ ਲੱਗਦਾ ਹੈ ਕਿ ਇੱਕ ਵਾਰ ਫਿਰ ਗੁਰੂ ਦਾ ਸੰਦੇਸ਼ ਲਾਂਭੇ ਰੱਖ ਕੇ ਵੱਡੇ ਪੰਡਾਲਾਂ ਦੇ ਸਮਾਗਮਾਂ ਦੀ ਮੁਕਾਬਲੇਬਾਜ਼ੀ ਹੀ ਲੋਕਾਂ ਦੇ ਪੱਲੇ ਪਵੇਗੀ। ਇਹ ਉਸ ਗੁਰੂ ਬਾਬੇ ਨੂੰ ਯਾਦ ਕਰਨ ਦਾ ਅਸਲ ਤਰੀਕਾ ਨਹੀਂ ਕਿਹਾ ਜਾ ਸਕਦਾ, ਜਿਸ ਗੁਰੂ ਬਾਰੇ ਭਾਈ ਗੁਰਦਾਸ ਜੀ ਨੇ 'ਚੜਿਆ ਸੋਧਣਿ ਧਰਤਿ ਲੋਕਾਈ' ਕਿਹਾ ਸੀ ਅਤੇ ਜਿਹੜੇ ਗੁਰੂ ਸਾਹਿਬ ਨੇ ਲੋਕਾਂ ਦੀ ਕਿਰਤ-ਕਮਾਈ ਉੱਤੇ ਐਸ਼ ਕਰਨ ਵਾਲਿਆਂ ਬਾਰੇ ਕਿਹਾ ਸੀ: 'ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ॥' ਸੰਦੇਸ਼ ਤਾਂ ਸੁੱਚਾ ਹੈ ਗੁਰੂ ਬਾਬੇ ਦਾ, ਪਰ ਇਸ ਦਾ ਚੇਤਾ ਭੁਲਾ ਦਿੱਤਾ ਗਿਆ ਜਾਪਦਾ ਹੈ।

# ਗਡਕਰੀ ਦਾ ਇਕੱਲਾਪਣ

-ਆਰ ਰਮੇਸ਼ਨ

ਨਿਤਿਨ ਗਡਕਰੀ ਨੇ ਸੋਚਿਆ ਸੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੂਸਰੇ ਕਾਰਜਕਾਲ ਵਿੱਚ ਅੱਗੇ ਹੋ ਸਕਦੇ ਹਨ, ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਕੋਸ਼ਿਸ਼ ਕੀਤੀ ਸੀ, ਜਿਸ ਦੇ ਮਿਲੇ ਜੁਲੇ ਨਤੀਜੇ ਮਿਲੇ ਸਨ। ਭਾਜਪਾ ਦੀ ਅੰਦਰੂਨੀ ਗਤੀਸ਼ੀਲਤਾ ਵਿੱਚ ਡੂੰਘੀ ਤਬਦੀਲੀ ਨੂੰ ਗਡਕਰੀ ਪਛਾਣ ਨਹੀਂ ਸਕੇ। ਉਨ੍ਹਾਂ ਦੀ ਇੱਕ ਵੱਡੀ ਗਲਤੀ ਇਹ ਮੰਨਣਾ ਸੀ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਉਨ੍ਹਾਂ ਦੀ ਮਦਦ ਕਰੇਗਾ। ਨਾਗਪੁਰ ਨਾਲ ਸੰਬੰਧਤ ਹੋਣ ਕਾਰਨ ਸੰਘ ਦਾ ਸਮਰਥਨ ਗਡਕਰੀ ਦੇ ਫੋਨ ਕਲੱਬ ਨੂੰ ਬਿਨਾਂ ਕਿਸੇ ਯਤਨ ਦੇ ਊਰਜਾ ਦੇਂਦਾ ਸੀ, ਪਰ ਇਹ ਇੱਕ ਅੱਧਾ ਮਿੱਥਕ ਸੀ। ਸੰਘ ਨੇ ਬੜੀ ਡੂੰਘਾਈ ਨਾਲ ਭਾਜਪਾ ਦੇ ਸਮੀਕਰਣ ਦੀ ਸਮੀਖਿਆ ਕੀਤੀ ਅਤੇ ਉਹ ਜਾਣਦਾ ਸੀ ਕਿ ਉਸ ਦਾ ਹਿੱਤ ਕਿੱਥੇ ਹਨ ਅਤੇ ਕੌਣ ਸਭ ਤੋਂ ਵਧੀਆ ਢੰਗ ਨਾਲ ਉਨ੍ਹਾਂ ਦੀ ਪੂਰਤੀ ਕਰ ਸਕਦਾ ਹੈ। ਇਸ ਗੱਲ ਵਿੱਚ ਕੋਈ ਸਵਾਲ ਨਹੀਂ ਨਹੀਂ ਕਿ ਸਾਲ 2012 ਤੋਂ ਹੀ ਮੋਦੀ ਦੇਸ਼ ਦੇ ਸਰਬ ਉਚ ਅਹੁਦੇ ਲਈ ਨਾਗਪੁਰ ਦੇ ਵਿਅਕਤੀ ਸਨ। ਇਹੀ ਕਾਰਨ ਹੈ ਕਿ ਜਦੋਂ 2013 ਵਿੱਚ ਗਡਕਰੀ ਦੀ ਥਾਂ ਰਾਜਨਾਥ ਸਿੰਘ, ਜਿਹੜੇ ਓਦੋਂ ਮੋਦੀ ਦੀਆਂ ਯੋਜਨਾਵਾਂ ਦੇ ਵੱਧ ਅਨੁਕੂਲ ਸਨ, ਨੂੰ ਭਾਜਪਾ ਦਾ ਪ੍ਰਧਾਨ ਬਣਾਇਆ ਗਿਆ ਤਾਂ ਸੰਘ ਸੰਤੁਸ਼ਟ ਸੀ।

2019 ਦਾ ਸਾਲ 2014 ਨਹੀਂ ਹੈ। ਸੰਭਵ ਹੈ ਕਿ ਮੋਦੀ ਨੇ ਜਦੋਂ ਪਹਿਲੀ ਵਾਰ ਦਿੱਲੀ ਵਿੱਚ ਸੱਤਾ ਸੰਭਾਲੀ ਤਾਂ ਉਹ ਗਡਕਰੀ ਦੀ ਨਾਗਪੁਰ ਨਾਲ ਨੇੜਤਾ ਬਾਰੇ ਯਕੀਨੀ ਨਹੀਂ ਸਨ, ਜਿਸ ਕਾਰਨ ਉਨ੍ਹਾਂ ਨੂੰ ਭੋਂ ਪ੍ਰਾਪਤੀ ਬਿੱਲ ਨੂੰ ਅੱਗੇ ਵਧਾਉਣ ਬਾਰੇ ਆਲੋਚਨਾਵਾਂ ਨੂੰ ਸਹਿਣਾ ਪਿਆ, ਜੋ ਭਾਜਪਾ ਦੇ ਅੰਦਰੋਂ ਤੇ ਬਾਹਰੋਂ ਉਠੀਆਂ ਸਨ। ਗਡਕਰੀ ਆਪਣੀ ਗੱਲ 'ਤੇ ਅੜੇ ਰਹੇ ਅਤੇ ਜਦੋਂ ਰਾਜ ਸਭਾ ਵਿੱਚ ਬਿੱਲ ਅਟਕ ਗਿਆ, ਜਿੱਥੇ ਭਾਜਪਾ ਤੇ ਉਸ ਦੇ ਸਹਿਯੋਗ ਘੱਟ ਗਿਣਤੀ ਸਨ ਤਾਂ ਉਨ੍ਹਾਂ ਨੇ ਆਰਡੀਨੈਂਸ ਜਾਰੀ ਕਰਨ 'ਤੇ ਜ਼ੋਰ ਦਿੱਤਾ। ਆਖਰ ਮੋਦੀ ਨੂੰ ਅਹਿਸਾਸ ਹੋ ਗਿਆ ਕਿ ਬਿੱਲ ਸਿਆਸੀ ਤੌਰ 'ਤੇ ਸਮਰਥਨ ਯੋਗ ਨਹੀਂ ਸੀ, ਕਿਉਂਕਿ ਸਰਕਾਰ ਅਤੇ ਭਾਜਪਾ ਕਿਸਾਨਾਂ ਨੂੰ ਨਿਖੇੜ ਕੇ ਵੋਟ ਬੈਂਕ ਨਹੀਂ ਗੁਆ ਸਕਦੀ ਸੀ।

ਗਡਕਰੀ ਹਮੇਸ਼ਾ ਵਾਂਗ ਮੋਟਰ ਵਹੀਕਲ (ਸੋਧ) ਬਿੱਲ 2019 ਦੇ ਕੇਸ ਵਿੱਚ ਆਪਣਾ ਬਚਾਅ ਕਰ ਰਹੇ



ਹਨ, ਉਨ੍ਹਾਂ ਨੂੰ ਭਾਜਪਾ ਵਿੱਚ ਅਣਡਿੱਠ ਕਰ ਦਿੱਤਾ ਗਿਆ। ਉਨ੍ਹਾਂ ਨੂੰ ਭੋਂ ਪ੍ਰਾਪਤੀ ਕੇਸ ਤੋਂ ਵੀ ਬੜੀ ਤੇਜ਼ੀ ਨਾਲ ਪਿੱਛੇ ਮੁੜਨਾ ਪਵੇਗਾ ਕਿਉਂਕਿ ਭਾਜਪਾ ਵਾਲੇ ਰਾਜਾਂ ਨੇ ਬੜੀ ਸਰਗਰਮੀ ਨਾਲ ਖੁਦ ਨੂੰ ਇਨ੍ਹਾਂ ਤਬਦੀਲੀਆਂ ਤੋਂ ਪਰ੍ਹੇ ਕਰ ਲਿਆ ਹੈ। ਸੱਚ ਕਹੀਏ ਤਾਂ ਸੋਧ ਅਧਿਕਾਰਕ ਪੈਨਲਾਂ ਵਿੱਚ ਵਾਦ-ਵਿਵਾਦ ਦਾ ਵਿਸ਼ਾ ਸੀ ਤੇ ਇਸ ਲਈ ਕਾਨੂੰਨ ਵਿੱਚ ਸੋਧ ਦਾ ਦੋਸ਼ ਇਕੱਲੇ ਉਨ੍ਹਾਂ 'ਤੇ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਦੀ ਦਲੀਲ ਕਿ ਸੜਕ ਹਾਦਸੇ ਵਧ ਰਹੇ ਹਨ, ਲੋਕ ਹਾਦਸਾ ਗ੍ਰਸਤ ਵਿਅਕਤੀ ਦੀ ਮਦਦ ਨਹੀਂ ਕਰਦੇ ਤੇ ਉਸ ਨੂੰ ਉਸ ਦੀ ਕਿਸਮਤ ਉੱਤੇ ਛੱਡ ਦੇਂਦੇ ਹਨ, ਲੋਕ ਪ੍ਰਦੂਸ਼ਣ ਜਾਂਚ ਨਹੀਂ ਕਰਾਉਂਦੇ ਤੇ ਬੀਮਾ ਪਾਲਿਸੀਆਂ ਦੇ ਨਵੀਨੀਕਰਨ ਵੱਲ ਉਨ੍ਹਾਂ ਦਾ ਰੁਖ ਬੜਾ ਢਿੱਲਾ ਹੁੰਦਾ ਹੈ। ਲੋਕ ਡਰਾਈਵਿੰਗ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਕਰਦੇ ਅਤੇ ਰੈਡ ਲਾਈਟ ਜੰਪ ਕਰ ਜਾਂਦੇ ਹਨ। ਸੋਧ ਬਿੱਲ 'ਚ ਸੁਧਾਰਾਂ ਲਈ ਬਹੁਤ ਚੰਗੇ ਨੁਕਤੇ ਸਨ ਤੇ ਉਨ੍ਹਾਂ ਨੂੰ ਸਹੀ ਅਰਥਾਂ ਵਿੱਚ ਲਿਆ ਜਾਣਾ ਚਾਹੀਦਾ ਸੀ। ਆਸ ਸੀ ਕਿ ਸ਼ਹਿਰੀ ਸੂਝਵਾਨ ਵਰਗ ਇਨ੍ਹਾਂ ਦਾ ਸਵਾਗਤ ਕਰੇਗਾ, ਪਰ ਹੋਇਆ ਇਸ ਦੇ ਉਲਟ। ਮੋਦੀ ਦਾ ਗ੍ਰਹਿ ਰਾਜ ਗੁਜਰਾਤ ਪਹਿਲਾ ਸੀ, ਜਿਸ ਨੇ ਇਹ ਕਾਨੂੰਨ ਲਾਗੂ ਕਰਨ ਵੇਲੇ ਕਦਮ ਪਿੱਛੇ ਖਿੱਚੇ। ਕੀ ਵਿਜੇ ਰੂਪਾਣੀ ਕਿਸੇ ਹੋਰ ਕੇਂਦਰੀ ਕਾਨੂੰਨ ਦੇ ਵਿਰੁੱਧ ਇੰਨਾ ਸਖਤ ਕਦਮ ਚੁੱਕਦੇ? ਰੂਪਾਣੀ ਤੋਂ ਸੰਕੇਤ ਲੈ ਕੇ ਉਤਰਾਖੰਡ, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਝਾਰਖੰਡ ਵਿੱਚ ਭਾਜਪਾ ਸਰਕਾਰਾਂ ਨੇ ਸੋਧਾਂ ਦਾ ਵਿਰੋਧ ਕੀਤਾ। ਜ਼ਾਹਿਰਾ ਤੌਰ ਉਤੇ ਕੇਂਦਰ ਅਤੇ ਰਾਜਾਂ ਵਿਚਾਲੇ ਮਤਭੇਦਾਂ ਕਾਰਨ ਆਖਰ ਗਡਕਰੀ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿ ਸੂਬੇ ਜਿਵੇਂ ਚਾਹੁਣ, ਸੋਧਾਂ ਦੀ ਵਰਤੋਂ ਕਰਨ ਲਈ ਮੁਕਤ ਹਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਰੁਝਾਨ ਦੀ ਸ਼ੁਰੂਆਤ ਕਰ ਕੇ ਗਡਕਰੀ ਦੇ ਕਦਮ ਦਾ ਸਵਾਗਤ ਕੀਤਾ, ਪਰ ਬਾਅਦ 'ਚ ਕੇਜਰੀਵਾਲ ਨੇ ਕੇਂਦਰ ਦੀ ਕ੍ਰਿਪਾ ਹਾਸਲ ਕਰਨ ਲਈ ਸਖਤ ਯਤਨ ਸ਼ੁਰੂ ਕਰ ਦਿੱਤੇ ਹਨ।

ਗਡਕਰੀ ਲਈ ਸੜਕ 'ਤੇ ਡਿੱਕੋ-ਡੋਲੇ ਖਾਣ ਵਾਲਾ ਸਫਰ ਹੈ। ਪੱਤਰਕਾਰ ਅਤੇ ਲੇਖਿਕਾ ਸੁਚੇਤਾ ਦਲਾਲ ਅਨੁਸਾਰ ਭਾਰਤ ਦੇ ਨੈਸ਼ਨਲ ਹਾਈਵੇਜ਼ ਅਥਾਰਟੀ (ਐੱਨ ਐੱਚ ਏ ਆਈ) ਦਾ ਕਰਜ਼ਾ 2014 ਵਿੱਚ ਚਾਲੀ ਹਜ਼ਾਰ ਕਰੋੜ ਰੁਪਏ ਸੀ, ਜਦੋਂ ਮੋਦੀ ਸਰਕਾਰ ਨੇ ਚਾਰਜ ਸੰਭਾਲਿਆ ਸੀ, ਉਸ ਤੋਂ ਗਡਕਰੀ ਦੀ ਨਿਗਰਾਨੀ ਵਿੱਚ ਵਧ ਕੇ 2019 ਵਿੱਚ 1.78 ਲੱਖ ਕਰੋੜ ਰੁਪਏ ਹੋ ਗਿਆ ਹੈ। ਇੱਕ ਰਿਪੋਰਟ ਅਨੁਸਾਰ ਪ੍ਰਧਾਨ ਮੰਤਰੀ ਦਫਤਰ ਨੇ ਐੱਨ ਐੱਚ ਏ ਆਈ ਨੂੰ ਸੜਕਾਂ ਦੀ ਉਸਾਰੀ ਦਾ ਕੰਮ ਬੰਦ ਕਰਨ ਅਤੇ ਜਾਇਦਾਦਾਂ ਵੇਚਣ ਨੂੰ ਕਿਹਾ ਸੀ, ਪਰ ਗਡਕਰੀ ਨੇ ਧਿਆਨ ਨਹੀਂ ਦਿੱਤਾ।

ਸਿਖਰਲੀ ਲੀਡਰਸ਼ਿਪ ਵੱਲੋਂ ਕੁਝ ਹੋਰ ਸੰਕੇਤ? ਏਅਰ ਇੰਡੀਆ ਦੇ ਨਿਜੀਕਰਨ ਬਾਰ ਮੁੜ ਗਠਿਤ ਮੰਤਰੀ ਮੰਡਲ ਕਮੇਟੀ ਤੋਂ ਗਡਕਰੀ ਨੂੰ ਬਾਹਰ ਰੱਖਿਆ ਗਿਆ ਹੈ, ਮੋਦੀ ਦੇ ਪਹਿਲੇ ਰਾਜ ਵਿੱਚ ਉਹ ਇਸ ਦਾ ਹਿੱਸਾ ਸਨ। ਨਾਗਪੁਰ ਦੇ ਇਸ ਪਾਰਲੀਮੈਂਟ ਮੈਂਬਰ ਨੂੰ ਜੋ ਲੋਕ ਜਾਣਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਉਹ ਗਡਕਰੀ ਜਾਰੀ ਰੱਖਣਗੇ, ਇਸ ਭਰੋਸੇ ਤੋਂ ਮੋਹਿਤ ਹੋ ਕੇ ਸੰਘ ਪਰਵਾਰ ਉਨ੍ਹਾਂ ਦੇ ਪੱਖ ਵਿੱਚ ਹੈ, ਪਰ ਉਹ ਬੁਲਬੁਲਾ ਤਾਂ ਕਾਫੀ ਸਮਾਂ ਪਹਿਲਾਂ ਫੁੱਟ ਚੁੱਕਾ ਹੈ।

# ਇਕ ਭਾਸ਼ਾ ਠੋਸੇ ਜਾਣ ਕਾਰਨ ਪੈਦਾ ਹੁੰਦੇ ਵਿਗਾੜ

-ਪ੍ਰੋ. ਪ੍ਰੀਤਮ ਸਿੰਘ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹਿੰਦੀ ਨੂੰ ਹੁਲਾਰਾ ਦੇਣ ਬਾਰੇ ਤਾਜ਼ਾ ਬਿਆਨਾਂ ਨੇ ਹਿੰਦੀ ਬਨਾਮ ਗੈਰ ਹਿੰਦੀ ਭਾਸ਼ਾਵਾਂ ਦੇ ਪੁਰਾਣੇ ਤਣਾਵਾਂ ਨੂੰ ਮੁੜ ਭਖਾ ਦਿੱਤਾ ਹੈ। ਭਾਰਤੀ ਸ਼ਾਸਨ ਪ੍ਰਣਾਲੀ ਵਿੱਚ ਗੈਰ ਹਿੰਦੀ ਭਾਸ਼ਾਵਾਂ ਮੁਕਾਬਲੇ ਹਿੰਦੀ ਨੂੰ ਅਹਿਮੀਅਤ ਦਿੱਤੇ ਜਾਣ ਦੇ ਵਿਵਾਦ ਦਾ ਬੜਾ ਲੰਮਾ ਇਤਿਹਾਸ ਹੈ। ਇਸ ਲਈ ਮੌਜੂਦਾ ਵਿਵਾਦ ਨਾਲ ਜੁੜੇ ਸਾਰੇ ਪੱਖਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਸ ਦੀ ਇਤਿਹਾਸਕਤਾ ਨੂੰ ਸਮਝਣਾ ਜ਼ਰੂਰੀ ਹੈ।

ਭਾਰਤੀ ਸੰਵਿਧਾਨ ਦੀ ਧਾਰਾ 343 ਕਹਿੰਦੀ ਹੈ ਕਿ 'ਸੰਘ (ਭਾਰਤ) ਦੀ ਸਰਕਾਰੀ ਭਾਸ਼ਾ ਦੇਵਨਾਗਰੀ ਲਿਪੀ ਵਿੱਚ ਹਿੰਦੀ ਹੋਵੇਗੀ।' ਨਾਲ ਧਾਰਾ 351 ਵਿੱਚ ਕਿਹਾ ਗਿਆ ਹੈ ਕਿ 'ਸੰਘ ਦਾ ਫਰਜ਼ ਹੋਵੇਗਾ ਕਿ ਹਿੰਦੀ ਭਾਸ਼ਾ ਦਾ ਪਸਾਰ ਵਧਾਵੇ, ਇਸ ਦਾ ਵਿਕਾਸ ਕਰੇ ਜਿਥੇ ਜ਼ਰੂਰੀ ਜਾਂ ਲੋੜੀਂਦਾ ਹੋਵੇ, ਉਸ ਦੇ ਸ਼ਬਦ ਭੰਡਾਰ ਲਈ ਖਾਸ ਕਰਕੇ ਸੰਸਕ੍ਰਿਤ ਅਤੇ ਆਮ ਕਰਕੇ ਹੋਰ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਇਸ ਦੀ ਤਰੱਕੀ ਯਕੀਨੀ ਬਣਾਵੇ।'

ਹਿੰਦੀ ਭਾਸ਼ਾ, ਖਾਸਕਰ ਦੇਵਨਾਗਰੀ ਲਿਪੀ ਤੇ ਸੰਸਕ੍ਰਿਤ ਭਾਸ਼ਾ ਨੂੰ ਸੰਵਿਧਾਨ 'ਚ ਦਿੱਤੀ ਅਹਿਮੀਅਤ ਤੋਂ ਸੰਵਿਧਾਨ ਦੇ ਘਾੜਿਆਂ ਦੇ ਇਕ ਵਰਗ ਦੇ ਖਾਸ ਢੰਗ ਨਾਲ ਸੋਚਣ ਦੇ ਤਰੀਕੇ ਦਾ ਪਤਾ ਲੱਗਦਾ ਹੈ। ਹਿੰਦੀ ਨੂੰ ਦਿੱਤੇ ਵਿਸ਼ੇਸ਼ ਦਰਜੇ ਦਾ ਉਤਰੀ ਭਾਰਤ ਦੇ ਗੈਰ ਹਿੰਦੀ ਖਿੱਤਿਆਂ ਅਤੇ ਗੈਰ ਹਿੰਦੀ ਭਾਸ਼ਾਈ ਗਰੁੱਪਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਵਿਰੋਧੀ ਰੁਝਾਨਾਂ ਵਿਚਲੀ ਇਸ ਕਸ਼ਮਕਸ਼ ਦੌਰਾਨ ਗਾਂਧੀ ਤੇ ਨਹਿਰੂ, ਜੋ ਦੋ ਸਭ ਤੋਂ ਵੱਡੇ ਕਾਂਗਰਸੀ ਤੇ ਕੌਮੀ ਆਗੂ ਸਨ, ਵੱਲੋਂ ਲਏ ਵਿਰੋਧੀ ਸਟੈਂਡਾਂ ਤੋਂ ਭਾਰਤ ਵਿੱਚ ਭਾਸ਼ਾਈ ਮੁੱਦੇ 'ਤੇ ਵਿਚਾਰਾਂ ਦੇ ਵੱਡੇ ਪਾੜੇ ਅਤੇ ਅੰਤਰ ਦਾ ਪਤਾ ਲੱਗਦਾ ਹੈ। ਗਾਂਧੀ ਨੇ ਕੌਮੀ ਭਾਸ਼ਾ ਵਜੋਂ ਹਿੰਦੀ ਜਾਂ ਹਿੰਦੋਸਤਾਨੀ ਦੀ ਹਮਾਇਤ ਕੀਤੀ ਤਾਂ ਕਿ ਇਹ ਭਾਸ਼ਾ ਭਾਰਤ ਦੇ ਵੱਖ-ਵੱਖ ਭਾਸ਼ਾਈ ਪਿਛੋਕੜਾਂ ਵਾਲੇ ਲੋਕਾਂ ਵਿੱਚ ਸੰਪਰਕ ਲਈ ਅੰਗਰੇਜ਼ੀ ਦਾ ਥਾਂ ਲੈ ਸਕੇ। ਇਸ ਸੋਚ ਹੇਠ ਉਨ੍ਹਾਂ ਦੱਖਣੀ ਭਾਰਤ ਵਿੱਚ ਹਿੰਦੀ ਦੇ ਹੱਕ ਵਿੱਚ ਮੁਹਿੰਮ ਚਲਾਈ, ਜਿਸ ਲਈ ਉਨ੍ਹਾਂ 1927 ਵਿੱਚ 'ਹਿੰਦੀ ਪ੍ਰਚਾਰ ਸਭਾ' ਜਥੇਬੰਦ ਕੀਤੀ ਤਾਂ ਕਿ ਤਾਮਿਲ, ਤੈਲਗੂ, ਕੰਨੜ, ਮਲਿਆਲਮ ਬੋਲਣ ਵਾਲੇ ਦੱਖਣੀ ਭਾਰਤੀਆਂ ਵਿੱਚ ਹਿੰਦੀ ਦਾ ਪ੍ਰਚਾਰ ਕੀਤਾ ਜਾ ਸਕੇ। ਤਾਮਿਲ ਨਾਡੂ ਵਿੱਚ ਸੰਸਕ੍ਰਿਤ ਵਿਰੋਧੀ ਭਾਵਨਾਵਾਂ ਨੂੰ ਨਜ਼ਰ ਅੰਦਾਜ਼ ਕਰ ਕੇ ਗਾਂਧੀ ਨੇ ਸਾਰੀਆਂ ਭਾਸ਼ਾਵਾਂ ਲਈ ਸੰਸਕ੍ਰਿਤ ਆਧਾਰਤ ਸ਼ਬਦ ਭੰਡਾਰ ਅਪਣਾਉਣ 'ਤੇ ਜ਼ੋਰ ਦਿੱਤਾ।

ਇਹੀ ਨਹੀਂ, ਉਸ ਨੇ ਇਸ ਤੋਂ ਵੀ ਅਗਾਂਹ ਜਾਂਦਿਆਂ ਸਾਰੀਆਂ ਭਾਰਤੀ ਭਾਸ਼ਾਵਾਂ ਲਈ ਸਾਂਝੇ ਤੌਰ 'ਤੇ ਦੇਵਨਾਗਰੀ ਲਿਪੀ ਅਪਣਾਉਣ ਦੀ ਵੀ ਵਕਾਲਤ ਕੀਤੀ। ਹਿੰਦੀ, ਸੰਸਕ੍ਰਿਤ ਅਤੇ ਦੇਵਨਾਗਰੀ ਦੀ ਇਸ ਵਕਾਲਤ ਦੇ ਨਾਲ ਹੀ ਗਾਂਧੀ ਤੇ ਨਹਿਰੂ ਨੇ ਉਰਦੂ ਅਤੇ ਸੰਸਕ੍ਰਿਤ ਦੇ ਅਸਰ ਤੋਂ ਮੁਕਤ ਹਿੰਦੀ ਪ੍ਰਤੀ ਦੋਸਤਾਨਾ ਵਿਹਾਰ ਦਾ ਮੁਜ਼ਾਹਰਾ ਕੀਤਾ। ਨਹਿਰੂ ਖਾਸ ਤੌਰ 'ਤੇ ਉਰਦੂ ਪ੍ਰਤੀ ਹਮਦਰਦੀ ਰੱਖਦਾ ਸੀ ਤੇ ਇਸ ਭਾਸ਼ਾ ਤੇ ਇਸ ਦੀ ਲਿਪੀ ਨਾਲ ਭਾਵਨਾਤਕ ਸਾਂਝ ਮਹਿਸੂਸ ਕਰਦਾ ਸੀ। ਦੋਵੇਂ ਗਾਂਧੀ ਤੇ ਨਹਿਰੂ ਵਾਜਬ ਤੌਰ 'ਤੇ ਹਿੰਦੀ ਇੰਤਹਾ-ਪਸੰਦੀ ਦੇ ਭਾਰਤ ਦੀ ਏਕਤਾ ਲਈ ਨਿਕਲਣ ਵਾਲੇ ਮਾੜੇ ਸਿੱਟਿਆਂ ਬਾਰੇ ਫਿਕਰਮੰਦ ਸਨ। ਇਸ ਦੇ ਬਾਵਜੂਦ ਦੋਵਾਂ ਨੇਤਾਵਾਂ ਨੂੰ ਆਖਰ ਦੇਸ਼ ਦੀਆਂ ਹਿੰਦੀ ਪੱਖੀ ਤਾਕਤਾਂ ਸਾਹ-ਮਣੇ ਝੁਕਣਾ ਪਿਆ। ਨਹਿਰੂ ਨੇ ਹਿੰਦੀ ਲਾਬੀ ਦੇ ਹਮਲੇ ਤੋਂ ਉਰਦੂ ਨੂੰ ਬਚਾ ਸਕਣ 'ਚ ਆਪਣੀ ਬੇਵੱਸੀ ਜ਼ਾਹਰ ਕੀਤੀ। ਉਸ ਨੇ 1948 ਵਿੱਚ ਇਕ ਤਕਰੀਰ ਵਿੱਚ ਕਿਹਾ, 'ਜੇ ਮੇਰੇ ਸਾਥੀ ਇਸ ਲਈ ਰਾਜ਼ੀ ਨਹੀਂ, ਤਾਂ ਮੈਂ ਕੁਝ ਨਹੀਂ ਕਰ ਸਕਦਾ।' ਦੂਜੇ ਪਾਸੇ ਗਾਂਧੀ ਦੇ ਵੱਖ-ਵੱਖ ਸਿਆਸੀ ਸਟੈਂਡਾਂ ਦਾ ਆਪਸੀ ਵਿਰੋਧ ਤੇ ਦੁਬਿਧਾਪੂਰਨ ਰੁਖ ਉਸ ਦੇ ਹਿੰਦੀ ਅਤੇ ਦੇਵਨਾਗਰੀ ਲਿਪੀ ਸਬੰਧੀ ਸਟੈਂਡ ਦੇ ਕੇਸ ਵਿੱਚ ਵੀ ਜਾਰੀ ਰਿਹਾ। ਇਕ ਪਾਸੇ ਜਿਥੇ ਉਸ ਨੂੰ ਡਰ ਸੀ ਕਿ ਦੇਵਨਾਗਰੀ ਲਿਪੀ ਨਾਲ ਹਿੰਦੀ ਨੂੰ ਜਬਰੀ ਠੋਸੇ ਜਾਣ 'ਤੇ ਕੌਮੀ ਏਕਤਾ ਨੂੰ ਸੱਟ ਵੱਜੇਗੀ, ਦੂਜੇ ਪਾਸੇ ਉਸ ਦਾ ਖਿਆਲ ਸੀ ਕਿ ਦੇਵਨਾਗਰੀ ਲਿਪੀ ਇਕਮੁੱਠ ਭਾਰਤੀ ਰਾਸ਼ਟਰਵਾਦ ਦੇ ਹਿੱਤ ਵਿੱਚ ਹੋਵੇਗੀ। ਇਸ ਤਰ੍ਹਾਂ ਆਖਰ ਉਹ ਬਹੁਤਾ ਕਰ ਕੇ ਦੇਵਨਾਗਰੀ ਦਾ ਹੱਕ ਹੀ ਪੂਰਦਾ ਜਾਪਿਆ।

ਹਿੰਦੀ/ ਸੰਸਕ੍ਰਿਤ/ ਦੇਵਨਾਗਰੀ ਲਾਬੀ ਦੀ ਤਾਕਤ ਦਾ ਅੰਦਾਜ਼ਾ ਇਸ ਹਕੀਕਤ ਤੋਂ ਲਾਇਆ ਜਾ ਸਕਦਾ ਹੈ ਕਿ ਸੰਸਕ੍ਰਿਤ, ਜਿਸ ਦੇ ਕੁਝ ਸੈਂਕੜੇ ਲੋਕਾਂ ਦੀ ਮਾਤ ਭਾਸ਼ਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਨੂੰ ਸੰਵਿਧਾਨ ਦੀ 18ਵੀਂ ਪੱਟੀ ਵਿੱਚ ਸ਼ਾਮਲ ਕੀਤਾ ਗਿਆ, ਜਿਸ ਵਿੱਚ ਭਾਰਤ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਭਾਸ਼ਾਵਾਂ ਨੂੰ ਦਰਜ ਕੀਤਾ ਗਿਆ ਹੈ, ਪਰ ਇਨ੍ਹਾਂ ਵਿੱਚ ਕੋਈ ਵੀ ਕਬਾਇਲੀ ਮਾਤ ਭਾਸ਼ਾ, ਜਿਵੇਂ ਸੰਥਾਲੀ (ਬੋਲਣ ਵਾਲੇ 36 ਲੱਖ), ਭੀਲੀ (12.50 ਲੱਖ), ਲਾਮੀ (12 ਲੱਖ) ਸ਼ਾਮਲ ਨਹੀਂ ਕੀਤੀ ਗਈ। ਸਾਧਨਾ ਸਕਸੈਨਾ ਨੇ 1996 ਵਿੱਚ ਛਪੇ ਆਪਣੇ ਦਮਦਾਰ ਪਰਚੇ 'ਲੈਂਗੁਏਜ ਐਂਡ ਦਿ ਨੈਸ਼ਨੈਲਿਟੀ ਕੁਐਸ਼ਚਨ' (ਭਾਸ਼ਾ ਤੇ



ਕੌਮੀਅਤ ਦਾ ਸਵਾਲ) ਵਿੱਚ ਦੱਸਿਆ ਹੈ ਕਿ 1981 ਦੀ ਮਰਦਮ ਸ਼ੁਮਾਰੀ ਵਿੱਚ ਹਿੰਦੀ ਬੋਲਣ ਵਾਲਿਆਂ ਦਾ ਅਧਿਕਾਰਤ ਅੰਕੜਾ 26 ਕਰੋੜ ਹੈ, ਪਰ ਹਕੀਕਤ ਇਹ ਹੈ ਕਿ ਇਹ ਅੰਕੜਾ ਵੱਡੇ ਪੱਧਰ 'ਤੇ ਬੋਲੀਆਂ ਜਾਂਦੀਆਂ ਵੱਖ-ਵੱਖ ਕਬਾਇਲੀ ਭਾਸ਼ਾਵਾਂ ਨੂੰ ਹਿੰਦੀ ਬੋਲਣ ਵਾਲਿਆਂ ਵਿੱਚ ਸ਼ਾਮਲ ਕਰਕੇ ਬਣਾਇਆ ਗਿਆ ਹੈ।

ਇਥੇ ਇਹ ਗੌਰਤਲਬ ਹੈ ਕਿ ਨਾ ਸਿਰਫ ਕਬਾਇਲੀ ਭਾਸ਼ਾਵਾਂ, ਸਗੋਂ ਬ੍ਰਿਜ, ਅਵਧੀ ਆਦਿ ਭਾਸ਼ਾਵਾਂ ਨੂੰ ਵੀ ਹਿੰਦੀ ਵਿੱਚ ਲੈ ਲਿਆ ਗਿਆ ਹੈ। ਬ੍ਰਿਜ, ਅਵਧੀ, ਪਹਾੜੀ, ਰਾਜਸਥਾਨੀ, ਛੱਤੀਸਗੜ੍ਹੀ ਆਦਿ ਭਾਸ਼ਾਵਾਂ ਦੀ ਆਪਣੀ ਨਿਵੇਕਲੀ ਖਾਸੀਅਤ ਹੈ, ਪਰ ਇਨ੍ਹਾਂ ਦਾ ਰੁਤਬਾ ਘਟਾ ਕੇ ਇਨ੍ਹਾਂ ਨੂੰ ਮਹਿਜ਼ ਹਿੰਦੀ ਦੀਆਂ ਉਪ ਬੋਲੀਆਂ ਬਣਾ ਦਿੱਤਾ ਗਿਆ ਹੈ ਅਤੇ ਅਧਿਕਾਰਤ ਹਿੰਦੀ ਭਾਸ਼ਾ ਦਾ ਖਾਸ ਰੁਤਬਾ 'ਖੜੀ ਬੋਲੀ' ਨੂੰ ਦੇ ਦਿੱਤਾ ਗਿਆ। ਕਿੰਨੇ ਦੁਖ ਦੀ ਗੱਲ ਹੈ ਕਿ ਬ੍ਰਿਜ, ਜੋ ਭਾਸ਼ਾ ਸੀ, ਨੂੰ ਮਹਿਜ਼ ਖੜੀ ਬੋਲੀ ਦੀ ਉਪ ਭਾਸ਼ਾ ਬਣਾ ਦਿੱਤਾ ਗਿਆ। ਇਸ ਕਾਰਨ ਬਹੁਤ ਸਾਰੇ ਭਾਸ਼ਾਈ ਗਰੁੱਪਾਂ ਨੂੰ ਨਾਵਾਜਬ ਢੰਗ ਨਾਲ ਭਾਸ਼ਾ ਦਾ ਦਰਜਾ ਦੇਣ ਤੋਂ ਇਨਕਾਰ ਕਰਨ ਖਿਲਾਫ ਉਤਰੀ ਭਾਰਤ, ਜਿਸ ਨੂੰ ਹਿੰਦੀ ਖੇਤਰ ਵਜੋਂ ਦਿਖਾਇਆ ਜਾਂਦਾ ਹੈ, ਵਿੱਚ ਵਿਰੋਧ ਦੇ ਤਿੱਖੇ ਸੁਰ ਉਭਰ ਰਹੇ ਹਨ।

ਸ਼ਾਇਦ ਉਤਰੀ ਭਾਰਤ ਦੀ ਭਾਸ਼ਾਈ ਵੰਨ ਸਵੰਨਤਾ ਨੂੰ ਨਾ ਮੰਨਣ ਦਾ ਮਕਸਦ ਉਤਰ ਭਾਰਤੀ ਹਿੰਦੂਆਂ ਦੀ ਇਕ-ਸਾਰ ਭਾਸ਼ਾਈ ਪਛਾਣ ਨੂੰ ਹੁਲਾਰਾ ਦੇਣਾ ਹੋਵੇ। ਅਮਰੀਕੀ ਵਿਦਵਾਨ ਪੌਲ ਬ੍ਰਾਸ ਨੇ ਆਪਣੀ ਕਿਤਾਬ 'ਲੈਂਗੁਏਜ, ਰਿਲੀਜਨ ਐਂਡ ਪਾਲਿਟਿਕਸ ਇਨ ਨਾਰਥ ਇੰਡੀਆ' (ਉਤਰ ਭਾਰਤ ਵਿੱਚ ਭਾਸ਼ਾ, ਧਰਮ ਅਤੇ ਸਿਆਸਤ, 1974) ਵਿੱਚ ਇਸ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਮੈਥਿਲੀ ਭਾਸ਼ਾ ਵਾਲੇ ਲੋਕਾਂ ਵੱਲੋਂ ਆਪਣੀ ਭਾਸ਼ਾ ਨੂੰ ਸੰਵਿਧਾਨਿਕ ਰੁਤਬਾ ਦਿਵਾਉਣ ਲਈ ਕੀਤੇ ਗਏ ਸੰਘਰਸ਼ ਦਾ ਹਿੰਦੀ ਰਾਸ਼ਟਰਵਾਦੀਆਂ ਨੇ ਵਿਰੋਧ ਕੀਤਾ। ਉਨ੍ਹਾਂ ਲਿਖਿਆ ਕਿ ਕੁਝ ਮੈਥਿਲੀ ਭਾਸ਼ੀਆਂ ਨੇ ਹਿੰਦੀ ਰਾਸ਼ਟਰਵਾਦੀਆਂ ਨੂੰ ਨਿੰਦਣ ਲਈ 'ਹਿੰਦੀ ਸਾਮਰਾਜਵਾਦ' ਸ਼ਬਦ ਵੀ ਵਰਤਿਆ ਸੀ। ਉਨ੍ਹਾਂ ਮੁਤਾਬਕ 'ਮੈਥਿਲੀ ਦੇ ਇਕ ਉਪਾਸ਼ਕ ਦਾ ਕਹਿਣਾ ਸੀ; 'ਹਿੰਦੀ ਸਾਰੇ ਉਤਰੀ ਬਿਹਾਰ ਦੀ ਭਾਸ਼ਾ ਨੂੰ ਹਜ਼ਮ ਕਰਨਾ ਚਾਹੁੰਦੀ ਹੈ।' ਬ੍ਰਾਸ ਨੇ ਭੋਜਪੁਰੀ ਤੇ ਮਗਧੀ ਭਾਸ਼ਾਵਾਂ ਨੂੰ ਸੰਵਿਧਾਨਿਕ ਰੁਤਬੇ ਤੋਂ ਵਾਂਝੇ ਰੱਖੇ ਜਾਣ ਵਿੱਚ ਵੀ ਹਿੰਦੀ ਅੰਦੋਲਨ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ।

ਹਿੰਦੀ ਭਾਸ਼ਾ ਦੀ ਹਮਾਇਤ ਕਰਨ ਵਾਲੇ ਕੁਝ ਕੱਟੜਪੰਥੀਆਂ ਦੇ ਭਾਰਤ ਦੀਆਂ ਬਾਕੀ ਸਾਰੀਆਂ ਗੈਰ ਹਿੰਦੀ ਭਾਸ਼ਾਵਾਂ ਦੇ ਵਿਰੋਧ ਦੀ ਇਹ ਉਘੜਵੀਂ ਮਿਸਾਲ ਹੈ ਕਿ ਅਜਿਹੇ ਭਗਤ ਤੇ ਸੰਵਿਧਾਨ ਸਭਾ ਦੇ ਮੈਂਬਰ ਰਵੀ ਸ਼ੰਕਰ ਸ਼ੁਕਲਾ ਨੇ ਕਿਸੇ ਵੀ ਗੈਰ ਹਿੰਦੀ ਭਾਸ਼ਾ ਨੂੰ ਸੰਵਿਧਾਨਿਕ ਰੁਤਬਾ ਨਾ ਦੇਣ ਲਈ ਬਹੁਤ ਜ਼ੋਰ ਲਾਇਆ ਸੀ। ਇਹੋ ਉਹ ਵਿਹਾਰ ਸੀ, ਜਿਸ ਨੇ ਸੰਵਿਧਾਨ ਸਭਾ ਦੇ ਕੁਝ ਗੈਰ ਹਿੰਦੀ ਮੈਂਬਰਾਂ; ਜਿਵੇਂ ਟੀ ਟੀ ਕ੍ਰਿਸ਼ਨਾਮਾਚਾਰੀ, ਸ੍ਰੀਮਤੀ ਦੁਰਗਾਬਾਈ/ ਦੁਰਗਾਬਾਈ ਦੇਸ਼ਮੁਖ ਆਦਿ ਨੂੰ ਗੈਰ ਹਿੰਦੀ ਭਾਸ਼ਾਵਾਂ ਨੂੰ ਸੰਵਿਧਾਨਿਕ ਮਾਨਤਾ ਦੇਣ ਲਈ ਅੜਨ ਵਾਸਤੇ ਮਜ਼ਬੂਰ ਕੀਤਾ। ਅਜਿਹੇ ਗੈਰ ਹਿੰਦੀ ਭਾਸ਼ਾਈ ਗਰੁੱਪ ਭਾਵੇਂ ਆਪਣੀਆਂ ਭਾਸ਼ਾਵਾਂ ਨੂੰ ਸੰਵਿਧਾਨਿਕ ਰੁਤਬਾ ਦਿਵਾਉਣ ਵਿੱਚ ਕਾਮਯਾਬ ਹੋ ਗਏ, ਪਰ ਉਹ ਹਿੰਦੀ ਨੂੰ 'ਸੰਘ ਦੀ ਸਰਕਾਰੀ ਭਾਸ਼ਾ' ਵਜੋਂ ਵਿਸ਼ੇਸ਼ ਰੁਤਬਾ ਮਿਲਣ ਤੋਂ ਨਾ ਰੋਕ ਸਕੇ।

ਗ੍ਰੈਨਵਾਈਲ ਆਸਟਿਨ ਨੇ ਭਾਰਤੀ ਸੰਵਿਧਾਨ ਬਾਰੇ ਆਪਣੇ ਅਧਿਐਨ ਵਿੱਚ ਇਸ ਸਾਰੇ ਕੁਝ ਦਾ ਬੜਾ ਵਧੀਆ ਸਾਰ ਇੰਜ ਪੇਸ਼ ਕੀਤਾ ਹੈ, 'ਭਾਰਤੀ ਇਤਿਹਾਸ ਦਾ ਇਹ ਅਫਸੋਸ ਨਾਕ ਸੰਜੋਗ ਸੀ ਕਿ ਹਿੰਦੋਸਤਾਨੀ ਉਤਰ ਭਾਰਤੀ ਭਾਸ਼ਾ ਸੀ ਤੇ ਇਸ ਨੂੰ ਉਤਰੀ ਭਾਰਤੀਆਂ ਜਿਵੇਂ ਨਹਿਰੂ, ਪ੍ਰਸਾਦ ਤੇ ਆਜ਼ਾਦ ਅਤੇ ਉਤਰ ਮੁਖੀ ਗੁਜਰਾਤੀਆਂ ਜਿਵੇਂ ਗਾਂਧੀ ਤੇ ਪਟੇਲ ਵੱਲੋਂ ਬੜਾ ਖਾਸ ਰੁਤਬਾ ਦਿੱਤਾ ਗਿਆ ਸੀ।'

ਦੱਸਣ ਯੋਗ ਹੈ ਕਿ ਹਿੰਦੀ, ਗੈਰ ਹਿੰਦੀ ਟਕਰਾਅ ਆਮ ਕਰਕੇ ਉਤਰੀ ਅਤੇ ਦੱਖਣੀ ਭਾਰਤ ਵਿਚਕਾਰ ਦਿਖਾਇਆ ਜਾਂਦਾ ਹੈ। ਇਹ ਯਕੀਨਨ ਇਸ ਮੁੱਦੇ ਦਾ ਸਭ ਤੋਂ ਅਹਿਮ ਪਹਿਲੂ ਹੈ ਪਰ ਸਾਡੀ ਵਿਆਖਿਆ ਜ਼ਾਹਰ ਕਰਦੀ ਹੈ ਕਿ ਉਤਰੀ ਭਾਰਤ ਵਿੱਚ ਵੀ ਭਾਸ਼ਾ ਦੇ ਪੱਖੋਂ ਭਾਰੀ ਵੰਨ ਸਵੰਨਤਾ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਜੇ ਹਿੰਦੀ ਪੱਖੀ ਪ੍ਰਚਾਰ ਅਤੇ ਵਕਾਲਤ ਵਿੱਚ ਨਰਮਾਈ ਨਾ ਆਈ ਤਾਂ ਉਤਰ ਭਾਰਤ ਦੇ ਵੰਨ ਸਵੰਨੀਆਂ ਭਾਸ਼ਾਵਾਂ ਬੋਲਣ ਵਾਲੇ ਖਿੱਤੇ ਦਾ ਹੁੰਦਾ ਵਿੱਦਿਆ ਦਾ ਪਸਾਰ ਤੇ ਬੁੱਧੀਜੀਵੀ ਵਰਗ ਦਾ ਉਭਾਰ ਅਜਿਹੀ ਸਮਰੱਥਾ ਰੱਖਦਾ ਹੈ ਕਿ ਇਹ ਦੇਸ਼ ਦੇ ਭਾਸ਼ਾਈ ਮੁੱਦੇ ਉਤੇ ਨਵੀਆਂ ਤੇ ਸੰਭਵ ਤੌਰ 'ਤੇ ਜ਼ਿਆਦਾ ਤਾਕਤਵਰ ਦੋਫਾੜਾਂ ਤੇ ਤਰੇੜਾਂ ਪੈਦਾ ਕਰ ਸਕਦਾ ਹੈ।

## ਹਲਕਾ ਫੁਲਕਾ

ਪਤਨੀ, ''ਤੁਸੀਂ ਮੈਨੂੰ ਉਹ ਦੋ ਗੱਲਾਂ ਬੋਲੋ ਕਿ ਇੱਕ ਨਾਲ ਮੈਂ ਖੁਸ਼ ਹੋ ਜਾਵਾਂ ਅਤੇ ਦੂਜੀ ਨਾਲ ਗੁੱਸਾ ਆ ਜਾਏ।''
ਪਤੀ, ''(1) ਤੁਸੀਂ ਮੇਰੀ ਜ਼ਿੰਦਗੀ ਹੋ। (2) ਲਾਹਨਤ ਹੈ ਅਜਿਹੀ ਜ਼ਿੰਦਗੀ 'ਤੇ।''

*********

ਚਮੇਲੀ, ''ਕੁਝ ਜ਼ਰੂਰੀ ਗੱਲ ਕਰਨੀ ਹੈ।''
ਪ੍ਰੇਮਸੁੱਖ, ''...ਤਾਂ ਕਹਿ ਨਾ।''
ਚਮੇਲੀ, ''ਸਾਰਿਆਂ ਦੇ ਸਾਹਮਣੇ ਕਹਿਣ ਵਿੱਚ ਸ਼ਰਮ ਆਉਂਦੀ ਹੈ।''
ਪ੍ਰੇਮਸੁੱਖ, ''ਓ ਸ਼ਰਮਾ ਨਾ, ਕਹਿ ਵੀ ਦੇ ਜਾਨੇਮਨ।''
ਚਮੇਲੀ, ''ਚੰਗਾ ਤਾਂ ਮੇਰੇ ਨੇੜੇ ਆਓ, ਕੰਨ ਵਿੱਚ ਕਹਾਂਗੀ।''
ਪ੍ਰੇਮਸੁੱਖ, ''ਚੰਗਾ, ਚੱਲ ਕਹਿ।''
ਚਮੇਲੀ, ''ਤੁਹਾਡੀ ਪੈਂਟ ਪਿੱਛਿਓਂ ਫਟੀ ਹੋਈ ਹੈ।''

*********

ਪੱਪੂ ਦਾਰੂ ਪੀ ਕੇ ਤਾਲਾ ਖੋਲ੍ਹਣ ਲੱਗਾ। ਹੱਥ ਕੰਬਣ ਕਾਰਨ ਉਸ ਕੋਲੋਂ ਤਾਲਾ ਨਾ ਖੁੱਲ੍ਹਿਆ।
ਸੋਨੂੰ, ''ਮੈਂ ਖੋਲ੍ਹ ਦੇਵਾਂ?''
ਪੱਪੂ, ''ਮੈਂ ਖੋਲ੍ਹ ਲਵਾਂਗਾ, ਤੂੰ ਘਰ ਨੂੰ ਫੜ। ਸਾਲਾ ਬਹੁਤ ਹਿੱਲ ਰਿਹਾ ਹੈ।''



# ਜਸਟਿਸ ਨਿਰਮਲ ਯਾਦਵ ਦੇ ਪੈਸਾ ਵਸੂਲੀ ਕੇਸ ਦੇ ਦੋ ਹੋਰ ਗਵਾਹ ਮੁੱਕਰ ਗਏ



ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ)- ਜ਼ਿਲ੍ਹਾ ਅਦਾਲਤ ਵਿੱਚ ਰਿਸ਼ਵਤ ਕੇਸ ਵਿਚ ਦੋਸ਼ੀ ਜਸਟਿਸ ਨਿਰਮਲ ਯਾਦਵ ਦੇ ਮਾਮਲੇ ਵਿੱਚ ਕੱਲ੍ਹ ਹੋਈ ਸੁਣਵਾਈ ਦੌਰਾਨ ਸੀ ਬੀ ਆਈ ਵੱਲੋਂ ਪੇਸ਼ ਕੀਤੇ ਦੋ ਗਵਾਹ ਆਪਣੇ ਬਿਆਨ ਤੋਂ ਮੁੱਕਰ ਗਏ ਹਨ। ਇਹ ਦੋਵੇਂ ਹਾਈ ਕੋਰਟ 'ਚ ਪ੍ਰੈਕਟਿਸ ਕਰਨ ਵਾਲੇ ਇੱਕ ਵਕੀਲ ਪੰਕਜ ਭਾਰਦਵਾਜ ਤੇ ਰੋਹਤਕ ਦੇ ਆਈ ਸਰਜਨ ਡਾਕਟਰ ਮਾਰਕੰਡੇ ਆਹੂਜਾ ਦੱਸੇ ਗਏ ਸਨ।

ਸੀ ਬੀ ਆਈ ਨੂੰ ਪਹਿਲਾਂ ਦਿੱਤੇ ਬਿਆਨਾਂ ਵਿੱਚ ਪੰਕਜ ਭਾਰਦਵਾਹ ਨੇ ਕਿਹਾ ਸੀ ਕਿ ਉਹ ਸੰਜੀਵ ਬੰਸਲ ਨੂੰ ਜਾਣਦੇ ਹਨ ਅਤੇ 13 ਅਗਸਤ 2008 ਨੂੰ ਬਾਂਸਲ ਨੇ ਉਨ੍ਹਾਂ ਨੂੰ ਫੋਨ ਕਰ ਕੇ ਇਸ ਕੇਸ ਵਿੱਚ ਕੁਝ ਫੇਵਰ ਕਰਨ ਦੀ ਮੰਗ ਕੀਤੀ ਸੀ। ਕੱਲ੍ਹ ਪੰਕਜ ਨੇ ਕਿਹਾ ਕਿ ਉਨ੍ਹਾਂ ਨੇ ਸੀ ਬੀ ਆਈ ਨੂੰ ਅਜਿਹਾ ਕੁਝ ਨਹੀਂ ਕਿਹਾ ਅਤੇ ਸੀ ਬੀ ਆਈ ਨੇ ਉਨ੍ਹਾਂ ਦੇ ਬਿਆਨ ਦਰਜ ਹੀ ਨਹੀਂ ਕਰਵਾਏ ਸਨ, ਆਪਣੇ ਆਪ ਹੀ ਸਟੇਟਮੈਂਟ ਸਟੇਟਮੈਂਟ ਲਿਖੀ ਅਤੇ ਫਿਰ ਉਨ੍ਹਾਂ ਦੇ ਦਸਖਤ ਕਰ ਲਏ ਸਨ। ਦੂਸਰੇ ਪਾਸੇ ਮਾਰਕੰਡੇ ਆਹੂਜਾ ਨੇ ਸੀ ਬੀ ਆਈ ਨੂੰ ਪਹਿਲਾਂ ਕਿਹਾ ਕਿ ਉਹ ਹੋਟਲੀਅਰ ਰਵਿੰਦਰ ਸਿੰਘ ਅਤੇ ਸੰਜੀਵ ਬੰਸਲ ਨੂੰ ਜਾਣਦੇ ਹਨ। ਸੰਜੀਵ ਬੰਸਲ ਨੇ 14 ਅਤੇ 15 ਅਗਸਤ 2008 ਨੂੰ ਫੋਨ ਕਰ ਕੇ ਦੱਸਿਆ ਸੀ ਕਿ ਰਵਿੰਦਰ ਸਿੰਘ ਨੇ ਬੰਸਲ ਨੂੰ 15 ਲੱਖ ਰੁਪਏ ਦਿੱਤੇ ਸਨ, ਜੋ ਜਸਟਿਸ ਨਿਰਮਲ ਯਾਦਵ ਨੂੰ ਭੇਜੇਣੇ ਸਨ ਤੇ ਗਲਤੀ ਨਾਲ ਜਸਟਿਸ ਨਿਰਮਲਜੀਤ ਕੌਰ ਦੇ ਘਰ ਚਲੇ ਗਏ ਹਨ। ਇਸ ਤੋਂ ਬਾਅਦ ਕੱਲ੍ਹ ਅਦਾਲਤ ਵਿੱਚ ਮਾਰਕੰਡੇ ਆਹੂਜਾ ਨੇ ਕਿਹਾ ਕਿ ਉਨ੍ਹਾਂ ਨੇ ਸੀ ਬੀ ਆਈ ਨੂੰ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਸੀ। ਦੋਸ਼ ਇਹ ਹੈ ਕਿ 13 ਅਗਸਤ 2008 ਦੀ ਰਾਤ ਨੂੰ ਹਰਿਆਣਾ ਦੇ ਓਦੋਂ ਦੇ ਵਧੀਕ ਐਡਵੋਕੇਟ ਜਨਰਲ ਸੰਜੀਵ ਬੰਸਲ ਨੇ ਆਪਣੇ ਮੁਨਸ਼ੀ ਨੂੰ ਜਸਟਿਸ ਨਿਰਮਲ ਯਾਦਵ ਦੇ ਘਰ 15 ਲੱਖ ਰੁਪਏ ਦੇਣ ਭੇਜਿਆ ਸੀ, ਪਰ ਮੁਨਸ਼ੀ ਨੇ ਗਲਤੀ ਨਾਲ ਇਹ ਰਕਮ ਜਸਟਿਸ ਨਿਰਮਲਜੀਤ ਕੌਰ ਦੇ ਘਰ ਪੁਚਾ ਦਿੱਤੀ। ਇਸ ਉੱਤੇ ਜਸਟਿਸ ਨਿਰਮਲਜੀਤ ਕੌਰ ਦੇ ਨੌਕਰ ਨੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ ਸੀ। ਇਸ ਮਾਮਲੇ ਵਿੱਚ ਸੀ ਬੀ ਆਈ ਨੇ ਛੇ ਜਣਿਆਂ ਖਿਲਾਫ ਕੇਸ ਦਰਜ ਕੀਤਾ ਸੀ।

# ਤਰਨ ਤਾਰਨ ਬੰਬ ਧਮਾਕਾ ਕੇਸ ਵਿੱਚ ਸਬ ਇੰਸਪੈਕਟਰ ਸਸਪੈਂਡ

ਤਰਨ ਤਾਰਨ, 22 ਸਤੰਬਰ (ਪੋਸਟ ਬਿਊਰੋ)- ਐਨ ਆਈ ਏ ਦੀ ਜਾਂਚ ਤੋਂ ਪਹਿਲਾਂ ਰਿਮਾਂਡ ਉਤੇ ਲਏ ਸਾਰੇ ਦੋਸ਼ੀਆਂ ਤੋਂ ਪੰਜਾਬ ਪੁਲਸ ਦੀ ਪੁੱਛਗਿੱਛ ਜਾਰੀ ਹੈ। ਜੁਆਇੰਟ ਇੰਟੈਰੋਗੇਸ਼ਨ ਸੈਂਟਰ (ਜੇ ਆਈ ਸੀ) ਵਿੱਚ ਹੋਈ ਪੁੱਛਗਿੱਛ ਵਿੱਚ ਦੋਸ਼ੀਆਂ ਨੇ ਸਾਲ 2016 ਵਿੱਚ ਹੋਏ ਧਮਾਕਿਆਂ ਬਾਰੇ ਵੀ ਅਹਿਮ ਖੁਲਾਸੇ ਕੀਤੇ ਹਨ। ਦੂਸਰੇ ਪਾਸੇ ਇਸ ਧਮਾਕੇ ਦੀ ਕੇਸ ਰਿਪੋਰਟ ਲਿਖਣ ਵਾਲਾ ਥਾਣਾ ਸਦਰ ਦਾ ਥਾਣੇਦਾਰ ਹਰਸ਼ਾ ਸਿੰਘ ਭੁੱਲਰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਇਸ ਧਮਾਕੇ ਦੇ ਕਾਰਨ ਜ਼ਖਮੀ ਹੋਏ ਗੁਰਜੰਟ ਸਿੰਘ ਜੰਟਾ ਨੂੰ ਜਿਸ ਗੁਰੂ ਨਾਨਕ ਦੇਵ ਸੁਪਰ ਸਪੈਸ਼ਲਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਉਸ ਦੇ ਇਲਾਜ ਦਾ ਬਿੱਲ ਉਸ ਦੀ ਮਾਂ ਦਵਿੰਦਰ ਕੌਰ, ਜੋ ਪਿੰਡ ਬਚੜੇ ਦੀ ਅਕਾਲੀ ਪੰਚ ਹੈ, ਨੇ ਅਦਾ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ। ਅੱਗੋਂ ਕਰੀਬ ਤਿੰਨ ਲੱਖ ਰੁਪਏ ਦੇ ਬਿੱਲ ਦਾ ਭੁਗਤਾਨ ਹੁਣ ਪੁਲਸ ਕਰੇਗੀ ਜਾਂ ਨਹੀਂ, ਇਹ ਹਾਲੇ ਤੈਅ ਨਹੀਂ ਹੋ ਸਕਿਆ।

ਵਰਨਣ ਯੋਗ ਹੈ ਕਿ ਜ਼ਮੀਨ ਵਿੱਚ ਦੱਬੀ ਵਿਸਫੋਟਕ ਸਮੱਗਰੀ ਕੱਢਣ ਸਮੇਂ ਰਾਤ ਕਰੀਬ ਅੱਠ ਵਜੇ ਧਮਾਕਾ ਹੋਣ ਨਾਲ ਪਿੰਡ ਕਦਗਿੱਲ ਦੇ ਬਿਕਰਮਜੀਤ ਸਿੰਘ ਵਿੱਕੀ ਅਤੇ ਪਿੰਡ ਬਚੜੇ ਦੇ ਹਰਪ੍ਰੀਤ ਸਿੰਘ ਹੈਲੀ ਦੀ ਮੌਕੇ ਉੱਤੇ ਮੌਤ ਹੋ ਗਈ ਸੀ। ਇਸ ਦੇ ਬਾਅਦ 16 ਸਤੰਬਰ ਨੂੰ ਪੁਲਸ ਨੇ ਪਿੰਡ ਦੀਨੇਵਾਲ ਦੇ ਪੰਚ ਅਤੇ 'ਕਰ ਭਲਾ, ਹੋ ਭਲਾ' ਸੰਸਥਾ ਦੇ ਚੇਅਰਮੈਨ ਮਨਦੀਪ ਸਿੰਘ ਉਰਫ ਮੱਸਾ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਲਿਆ ਸੀ। ਅਗਲੇ ਦਿਨ ਅੰਮ੍ਰਿਤਪਾਲ ਸਿੰਘ ਵਾਸੀ ਬੱਚੜੇ (ਜੰਟੇ ਦਾ ਚਚੇਰਾ ਭਰਾ), ਚੰਨਦੀਪ ਸਿੰਘ ਵਾਸੀ ਬਟਾਲਾ, ਮਨਪ੍ਰੀਤ ਸਿੰਘ ਵਾਸੀ ਮੁਰਾਦਪੁਰਾ, ਹਰਜੀਤ ਸਿੰਘ ਵਾਸੀ ਪੰਡੋਰਾ ਗੋਲਾ, ਮਲਕੀਤ ਸਿੰਘ ਵਾਸੀ ਕੋਟਲਾ ਗੁਜਰ, ਅਮਰਜੀਤ ਸਿੰਘ ਵਾਸੀ ਫਤਿਹਗੜ੍ਹ ਚੂੜੀਆਂ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਰਿਮਾਂਡ 'ਤੇ ਲਿਆ ਸੀ। ਇਸ ਤੋਂ ਬਾਅਦ ਜਾਂਚ ਏਜੰਸੀਆਂ ਦੀ ਰਿਪੋਰਟ 'ਚ ਇਹ ਖੁਲਾਸਾ ਹੋਇਆ ਸੀ ਕਿ ਪਾਕਿਸਤਾਨ ਸਮਰਥਕ ਸਿੱਖਸ ਫਾਰ ਜਸਟਿਸ ਨਾਲ ਜੁੜੇ ਹੋਏ ਖਾਲਿਸਤਾਨ ਸਮੱਰਥਕਾਂ ਦੇ ਇਸ ਧਮਾਕੇ ਨਾਲ ਸਿੱਧੇ ਤਾਰ ਜੁੜੇ ਹੋਏ ਹਨ। ਦੱਸਿਆ ਜਾਂਦਾ ਹੈ ਕਿ ਧਮਾਕੇ ਪਿੱਛੋਂ ਦੇਰੀ ਨਾਲ ਪੁੱਜਣ ਅਤੇ ਦਰਜ ਕੇਸ ਵਿੱਚ ਕਿਸੇ ਨੂੰ ਵੀ ਨਾਮਜ਼ਦ ਨਾ ਕਰਨ ਦੇ ਕਾਰਨ ਥਾਣੇ ਦੇ ਵਧੀਕ ਇੰਚਾਰਜ ਐੱਸ ਆਈ ਹਰਸ਼ਾ ਸਿੰਘ ਭੁੱਲਰ ਨੂੰ ਸਸਪੈਂਡ ਕੀਤਾ ਗਿਆ ਹੈ। ਤਰਨ ਤਾਰਨ ਦੇ ਐੱਸ ਐੱਸ ਪੀ ਧਰੁਵ ਦਹੀਆ ਨੇ ਬੰਬ ਧਮਾਕੇ ਦੇ ਜਾਂਚ ਅਧਿਕਾਰੀ ਸਬ ਇੰਸਪੈਕਟਰ ਹਰਸ਼ਾ ਸਿੰਘ ਨੂੰ ਲਾਈਨ ਹਾਜ਼ਰ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਕਾਰਵਾਈ ਕੁਝ ਦਿਨ ਪਹਿਲਾਂ ਹੋਈ ਸੀ। ਉਨ੍ਹਾਂ ਨੇ ਇਸ ਨੂੰ ਬੰਬ ਧਮਾਕੇ ਵਾਲੇ ਕੇਸ ਨਾਲ ਜੋੜਦਿਆਂ ਕੇਵਲ ਇੰਨਾ ਕਿਹਾ ਕਿ ਇਹ ਰੁਟੀਨ ਤਬਾਦਲਾ ਹੈ, ਪਰ ਹਰਸ਼ਾ ਸਿੰਘ ਵੱਲੋਂ ਦਰਜ ਕਰਾਏ ਕੇਸ ਅਤੇ ਉਸ ਦੇ ਜਾਂਚ ਅਧਿਕਾਰੀ ਹੋਣ ਕਾਰਨ ਇਸ ਤਬਾਦਲੇ ਨੂੰ ਇਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। 'ਕਰ ਭਲਾ ਹੋ ਭਲਾ' ਸੰਸਥਾ ਦੇ ਚੇਅਰਮੈਨ ਪਿੰਡ ਦੀਨੇਵਾਲ ਦੇ ਪੰਚ ਮਾਨਦੀਪ ਸਿੰਘ ਮੱਸਾ ਨੂੰ ਕੱਲ੍ਹ ਚਾਰ ਦਿਨ ਦਾ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਅਦਾਲਤ ਨੇ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।

## ਪੁਲਸ ਮੁਕਾਬਲਾ ਕੇਸ :

# ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਕਲੀਨ ਚਿੱਟ

ਐਸ ਏ ਐਸ ਨਗਰ, 22 ਸਤੰਬਰ (ਪੋਸਟ ਬਿਊਰੋ)- ਤਰਨ ਤਾਰਨ ਵਿੱਚ 26 ਸਾਲ ਪਹਿਲਾਂ ਪੰਜਾਬ ਪੁਲਸ ਵੱਲੋਂ ਇੱਕ ਪਰਵਾਰ ਦੇ ਛੇ ਜੀਆਂ ਨੂੰ ਚੁੱਕ ਕੇ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਦੇਣ ਦੇ ਬਹੁ ਚਰਚਿਤ ਮਾਮਲੇ ਦੀ ਸੁਣਵਾਈ ਕੱਲ੍ਹ ਮੁਹਾਲੀ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਜੱਜ ਕਰੁਨੇਸ਼ ਕੁਮਾਰ ਦੀ ਅਦਾਲਤ ਵਿੱਚ ਹੋਈ ਤਾਂ ਇਸ ਦੌਰਾਨ ਸੀ ਬੀ ਆਈ ਨੇ ਤਿੰਨ ਪੰਨਿਆਂ ਦੀ ਅਰਜ਼ੀ ਦਾਇਰ ਕਰ ਕੇ ਪੰਜਾਬ ਦੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਕਿ ਉਸ ਦਾ ਇਸ ਵਿੱਚ ਕੋਈ ਰੋਲ ਨਹੀਂ ਸੀ। ਬਚਾਅ ਪੱਖ ਦੇ ਅਹਿਮ ਗਵਾਹ ਅਤੇ ਗਰਮ ਖਿਆਲੀ ਆਗੂ ਕੰਵਰ ਸਿੰਘ ਧਾਮੀ ਨੇ ਸੀ ਬੀ ਆਈ ਅਦਾਲਤ ਵਿੱਚ ਦਰਜ ਕਰਵਾਏ ਆਪਣੇ ਬਿਆਨਾਂ ਅਤੇ ਧਾਰਾ 319 ਅਧੀਨ ਵਕੀਲ ਪੁਸ਼ਪਿੰਦਰ ਸਿੰਘ ਰਾਹੀਂ ਅਰਜ਼ੀ ਦਾਇਰ ਕਰ ਕੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਦੋਸ਼ੀ ਬਣਾਉਣ ਦੀ ਗੁਹਾਰ ਲਾਈ ਸੀ। ਧਾਮੀ ਨੇ ਦਾਅਵਾ ਕੀਤਾ ਸੀ ਕਿ ਜਦੋਂ 1993 ਵਿੱਚ ਬਾਬਾ



ਚਰਨ ਸਿੰਘ ਅਤੇ ਉਸ ਦੇ ਪਰਵਾਰ ਦੇ ਜੀਆਂ ਨੂੰ ਕਤਲ ਕੀਤਾ ਗਿਆ ਸੀ ਤਾਂ ਉਸ ਸਮੇਂ ਉਕਤ ਪੁਲਸ ਅਧਿਕਾਰੀ ਤਰਨ ਤਾਰਨ ਵਿੱਚ ਐੱਸ ਪੀ (ਆਪਰੇਸ਼ਨ) ਦੇ ਅਹੁਦੇ ਉੱਤੇ ਸੀ। ਗਵਾਹ ਦਾ ਮੰਨਣਾ ਹੈ ਕਿ ਉਹ ਝੂਠੇ ਪੁਲਸ ਮੁਕਾਬਲੇ ਦਾ ਚਸ਼ਮਦੀਦ ਹੈ। ਇਸ ਬਾਰੇ ਅਦਾਲਤ ਨੇ ਸੀ ਬੀ ਆਈ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਤਾਂ ਸੀ ਬੀ ਆਈ ਨੇ ਲਿਖਤੀ ਰੂਪ ਵਿੱਚ ਅਦਾਲਤ ਨੂੰ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਕਿਤੇ ਵੀ ਖੂਬੀ ਰਾਮ ਦੀ ਸ਼ੱਕੀ ਭੂਮਿਕਾ ਸਾਹਮਣੇ ਨਹੀਂ ਆਈ ਅਤੇ ਨਾ ਸੀ ਬੀ ਆਈ ਵੱਲੋਂ ਆਪਣੀ ਚਾਰਜਸ਼ੀਟ ਵਿੱਚ ਉਸ ਨੂੰ ਨਾਮਜ਼ਦ ਕੀਤਾ ਗਿਆ ਹੈ। ਉਂਝ ਵੀ ਕਿਸੇ ਵਿਅਕਤੀ ਨੇ ਉਕਤ ਅਧਿਕਾਰੀ ਖਿਲਾਫ ਇਤਰਾਜ਼ ਨਹੀਂ ਕੀਤੇ ਸਨ। ਸੀ ਬੀ ਆਈ ਦਾ ਦਾਅਵਾ ਹੈ ਕਿ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਚਾਰਜਸ਼ੀਟ ਅਤੇ ਸਮੁੱਚੇ ਮਾਮਲੇ ਦੀ ਜਾਂਚ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਹੁਕਮਾਂ ਉੱਤੇ ਤੀਹ ਮਈ 1997 ਨੂੰ ਤਰਨ ਤਾਰਨ ਦੇ ਸਾਬਕਾ ਐੱਸ ਐੱਸ ਪੀ (ਮਰਹੂਮ) ਅਜੀਤ ਸਿੰਘ ਸੰਧੂ, ਓਦੋਂ ਦੇ ਐੱਸ ਪੀ (ਆਪਰੇਸ਼ਨ) ਖੂਬੀ ਰਾਮ, ਡੀ ਐਸ ਪੀ ਗੁਰਮੀਤ ਸਿੰਘ ਰੰਧਾਵਾ ਤੇ ਕਸ਼ਮੀਰ ਸਿੰਘ ਗਿੱਲ, ਇੰਸਪੈਕਟਰ ਸੂਬਾ ਸਿੰਘ ਸਮੇਤ ਕਰੀਬ 10 ਪੁਲਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਹ ਕਾਰਵਾਈ ਸੁਰਜੀਤ ਕੌਰ ਪਤਨੀ ਬਾਬਾ ਚਰਨ ਸਿੰਘ ਪਿੰਡ ਪੰਡੋਰੀ (ਤਰਨ ਤਾਰਨ) ਦੀ ਸ਼ਿਕਾਇਤ ਨੂੰ ਆਧਾਰ ਮੰਨ ਕੇ ਕੀਤੀ ਗਈ ਸੀ। ਸੀ ਬੀ ਆਈ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਪ੍ਰੈਲ 1993 ਵਿੱਚ ਸੀ ਆਈ ਏ ਸਟਾਫ ਤਰਨ ਤਾਰਨ ਦੇ ਮੁਖੀ ਬਾਬਾ ਸੂਬਾ ਸਿੰਘ ਦੀ ਅਗਵਾਈ ਦੀ ਟੀਮ ਨੇ ਬਾਬਾ ਚਰਨ ਸਿੰਘ ਨੂੰ ਅਗਵਾ ਕੀਤਾ ਸੀ, ਜਦੋਂ ਉਹ ਐੱਸ ਐੱਸ ਪੀ ਅਜੀਤ ਸਿੰਘ ਸੰਧੂ ਕੋਲ ਆਤਮ ਸਮਰਪਣ ਕਰਨ ਚੱਲੇ ਸਨ।

## ਪਟਾਕਾ ਫੈਕਟਰੀ ਧਮਾਕਾ ਕੇਸ

# ਅੱਧ ਵਿਚਾਲੇ ਜਾਂਚ ਛੱਡ ਕੇ ਜਾਂਚ ਅਧਿਕਾਰੀ ਵਿਦੇਸ਼ ਤੁਰ ਗਿਆ

ਬਟਾਲਾ, 22 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਦੀ ਮੈਜਿਸਟਰੇਟੀ ਜਾਂਚ ਦੀ 15 ਦਿਨਾਂ ਦੀ ਮਿਆਦ ਕੱਲ੍ਹ ਖਤਮ ਹੋ ਗਈ, ਪ੍ਰੰਤੂ ਜਾਂਚ ਕੇਵਲ ਢਾਈ ਕਦਮ ਹੀ ਚੱਲੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਾਂਚ ਕਰਦੇ ਏ ਡੀ ਸੀ ਤੇਜਿੰਦਰਪਾਲ ਸਿੰਘ ਸੰਧੂ ਐਕਸ ਇੰਡੀਆ ਲੀਵ 'ਤੇ ਪੰਜ ਦਿਨ ਪਹਿਲਾਂ ਵਿਦੇਸ਼ ਚਲੇ ਗਏ ਹਨ ਅਤੇ ਵਾਪਸ ਕਦੋਂ ਆਉਣਗੇ, ਇਸ ਦਾ ਕੁਝ ਪਤਾ ਨਹੀਂ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਨੇ ਪੰਜ ਸਤੰਬਰ ਨੂੰ ਜਾਂਚ ਦੇ ਹੁਕਮ ਦਿੱਤੇ ਸਨ ਜਿਸ 'ਤੇ ਗੁਰਦਾਸਪੁਰ ਦੇ ਏ ਡੀ ਸੀ (ਜਨਰਲ) ਤੇਜਿੰਦਰਪਾਲ ਸਿੰਘ ਸੰਧੂ ਨੇ ਜਾਂਚ ਸ਼ੁਰੂ ਕੀਤੀ ਸੀ ਅਤੇ ਸੰਧੂ ਜਾਂਚ ਸ਼ੁਰੂ ਕਰ ਕੇ ਛੁੱਟੀ 'ਤੇ ਵਿਦੇਸ਼ ਚਲੇ ਗਏ ਹਨ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦਾਅਵਾ ਕਰ ਰਿਹਾ ਹੈ ਕਿ ਏ ਡੀ ਸੀ ਦੀ ਐਕਸ ਇੰਡੀਆ ਲੀਵ ਪਹਿਲਾਂ ਤੋਂ ਹੀ ਮਨਜ਼ੂਰ ਹੋ ਚੁੱਕੀ ਸੀ। ਉਹ ਵਿਦੇਸ਼ ਵਿੱਚ ਆਪਣੇ ਇੱਕ ਪਰਵਾਰਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਗਏ ਹਨ। ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇ ਪ੍ਰਸ਼ਾਸਨਿਕ ਸੂਤਰਾਂ ਨੇ ਦੱਸਿਆ ਕਿ ਛੁੱਟੀ ਉੱਤੇ ਜਾਣ ਤੋਂ ਪਹਿਲਾਂ ਏ ਡੀ ਸੀ ਨੇ ਕਈ ਉਨ੍ਹਾਂ ਅਧਿਕਾਰੀਆਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਸੰਮਨ ਕੀਤਾ ਸੀ, ਜੋ ਬਟਾਲਾ ਤਹਿਸੀਲ ਵਿੱਚ 2017 ਤੋਂ 2019 ਤੱਕ ਤੈਨਾਤ ਰਹੇ ਹਨ, ਇਨ੍ਹਾਂ ਵਿੱਚ ਸਿਵਲ ਪ੍ਰਸ਼ਾਸਨ ਅਤੇ ਪੁਲਸ ਦੇ ਅਧਿਕਾਰੀ ਸ਼ਾਮਲ ਹਨ, ਖਾਸ ਕਰ ਕੇ ਇਸ ਖੇਤਰ ਵਿੱਚ ਤੈਨਾਤ ਰਹੇ ਐੱਸ ਐੱਚ ਓ ਅਤੇ ਡੀ ਐੱਸ ਪੀ ਨੂੰ ਸੰਮਨ ਕੀਤਾ ਗਿਆ ਸੀ। ਦੂਜੇ ਪਾਸੇ ਡਿਪਟੀ ਕਮਿਸ਼ਨਰ ਨੇ ਮੰਨਿਆ ਕਿ ਏ ਡੀ ਸੀ ਸੰਧੂ ਛੁੱਟੀ ਉੱਤੇ ਵਿਦੇਸ਼ ਚਲੇ ਗਏ ਹਨ।

# ਕੁਵੈਤ ਜੇਲ੍ਹ ਵਿੱਚ ਬੰਦ ਪੰਜਾਬੀ ਨੌਜਵਾਨ ਨੂੰ ਫਾਂਸੀ ਦਾ ਹੁਕਮ



ਮਾਹਿਲਪੁਰ, 22 ਸਤੰਬਰ (ਪੋਸਟ ਬਿਊਰੋ)- ਪਿਛਲੇ ਨੌਂ ਮਹੀਨੇ ਤੋਂ ਕੁਵੈਤ ਦੀ ਜੇਲ੍ਹ ਵਿੱਚ ਬੰਦ ਪੰਜਾਬੀ ਨੌਜਵਾਨ ਦੇ ਪਰਵਾਰ ਨੂੰ ਕੱਲ੍ਹ ਰਾਤ ਕੁਵੈਤ ਦੀ ਜੇਲ੍ਹ 'ਚੋਂ ਉਨ੍ਹਾਂ ਦੇ ਪੁੱਤਰ ਨੂੰ ਫਾਂਸੀ ਦੀ ਸਜ਼ਾ ਹੋਣ ਦਾ ਫੋਨ ਆਇਆ ਹੈ। ਪਰਵਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਕੁਵੈਤ ਸਰਕਾਰ ਨਾਲ ਸੰਪਰਕ ਕਰ ਕੇ ਉਨ੍ਹਾਂ ਦੇ ਪੁੱਤਰ ਦੀ ਜਾਨ ਬਚਾਈ ਜਾਵੇ।

ਕੁਵੈਤ ਜੇਲ੍ਹ ਵਿੱਚ ਬੰਦ ਰਜਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਵਾਸੀ ਤਾਰਾਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਲੜਕੇ ਦੀ ਭੈਣ ਇੰਦਰਜੀਤ ਕੌਰ ਤੇ ਹੋਰ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਰਜਿੰ-ਦਰ ਸਿੰਘ (30) ਜਨਵਰੀ 2016 ਵਿੱਚ ਕੁਵੈਤ ਗਿਆ ਸੀ ਤੇ ਉਥੇ ਖਰਬਾਨੀਆ ਸ਼ਹਿਰ 'ਚ ਪਹਿਲਾਂ ਤੋਂ ਰਹਿ ਰਹੇ ਪਿੰਡ ਤਾਰਾਗੜ੍ਹ ਦੇ ਸੋਨੂੰ ਕੋਲ ਚਲਾ ਗਿਆ ਤੇ ਕੰਮ ਕਰਨ ਲੱਗ ਪਿਆ। 15 ਜਨਵਰੀ ਨੂੰ ਉਹ ਸਵੇਰੇ ਕੰਮ ਉੱਤੇ ਜਾਣ ਲਈ ਆਪਣੇ ਸਾਥੀਆਂ ਨਾਲ ਕੰਪਨੀ ਦੀ ਬਸ ਉਡੀਕ ਕਰ ਰਿਹਾ ਸੀ ਕਿ ਉਥੇ ਖੜ੍ਹੇ ਇੱਕ ਹੋਰ ਲੜਕੇ ਨੇ ਉਸ ਨੂੰ ਆਪਣਾ ਬੈਗ ਫੜਾ ਦਿੱਤਾ ਤੇ ਛੇਤੀ ਵਾਪਸ ਆਉਣ ਦਾ ਕਹਿ ਕੇ ਚਲਾ ਗਿਆ। ਇਸੇ ਦੌਰਾਨ ਉਥੇ ਪੁਲਸ ਆਈ, ਜਿਨ੍ਹਾਂ ਨੇ ਨੌਜਵਾਨਾਂ ਦੇ ਸਮਾਨ ਦੀ ਤਲਾਸ਼ੀ ਲਈ ਅਤੇ ਜਿਹੜਾ ਬੈਗ ਉਹ ਲੜਕਾ ਉਸ ਨੂੰ ਫੜਾ ਕੇ ਗਿਆ ਸੀ, ਉਸ 'ਚੋਂ ਕੁਝ ਨਸ਼ੀਲੇ ਪਦਾਰਥ ਬਰਾਮਦ ਹੋਏ। ਪੁਲਸ ਨੇ ਉਸ ਨੂੰ ਫੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਪੁਲਸ ਨੇ ਸੋਨੂੰ ਨੂੰ ਵੀ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਜੇਲ੍ਹ 'ਚੋਂ ਉਨ੍ਹਾਂ ਦੇ ਲੜਕੇ ਰਜਿੰਦਰ ਸਿੰਘ ਦਾ ਫੋਨ ਆਇਆ ਕਿ ਉਸ ਨੂੰ ਫਾਂਸੀ ਦੀ ਸਜ਼ਾ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਤੇ ਸੂਬਾ ਸਰਕਾਰ ਦਖਲ ਦੇ ਕੇ ਉਨ੍ਹਾਂ ਦੇ ਲੜਕੇ ਨੂੰ ਵਾਪਸ ਪੰਜਾਬ ਲਿਆਵੇ।

# ਸਿੱਖ ਰੈਫਰੈਂਸ ਲਾਇਬਰੇਰੀ ਦੀਆਂ ਕਿਤਾਬਾਂ ਤੇ ਲਿਖਤਾਂ ਦਾ ਮਸਲਾ ਹਾਈ ਕੋਰਟ ਵੀ ਜਾ ਪੁੱਜਾ




ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ)- ਅਪਰੇਸ਼ਨ ਬਲਿਊ ਸਟਾਰ ਵੇਲੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰਲੇ ਕੇਂਦਰੀ ਸਿੱਖ ਅਜਾਇਬਘਰ ਵਿਚਲੀ ਸਿੱਖ ਰੈਫਰੈਂਸ ਲਾਇਬਰੇਰੀ ਵਿੱਚੋਂ ਤੇ ਗੁਰੂ ਰਾਮਦਾਸ ਲਾਇਬਰੇਰੀ 'ਚੋਂ ਫੌਜ ਵੱਲੋਂ ਲਿਜਾਈਆਂ ਗਈਆਂ ਸਿੱਖ ਧਰਮ ਦੀਆਂ ਹੱਥ-ਲਿਖਤਾਂ, ਸਾਹਿਤ ਤੇ ਕਲਾਕ੍ਰਿਤਾਂ ਵਾਪਸ ਲਿਆ ਕੇ ਸੰਗਤ ਦੇ ਦਰਸ਼ਨ ਲਈ ਰੱਖਣ ਦੀ ਮੰਗ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਗਈ ਹੈ।

ਪਤਾ ਲੱਗਾ ਹੈ ਕਿ ਨਵਾਂ ਸ਼ਹਿਰ ਦੇ ਸਤਿੰਦਰ ਸਿੰਘ ਨੇ ਐਡਵੋਕੇਟ ਗੁਰਸ਼ਰਨ ਕੌਰ ਮਾਨ ਦੇ ਰਾਹੀਂ ਦਿੱਤੀ ਅਰਜ਼ੀ ਵਿੱਚ ਕਿਹਾ ਹੈ ਕਿ ਹਾਈ ਕੋਰਟ ਵਿੱਚ ਪਹਿਲਾਂ ਵੀ ਸਾਲ 2003 ਵਿੱਚ ਇੱਕ ਪਟੀਸ਼ਨ ਪੇਸ਼ ਕਰ ਕੇ ਇਸ ਸਮੱਗਰੀ ਬਾਰੇ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਗਈ ਸੀ ਤੇ ਹਾਈ ਕੋਰਟ ਨੇ 26 ਅਪ੍ਰੈਲ 2004 ਨੂੰ ਕੇਸ ਦਾ ਨਿਪਟਾਰਾ ਕਰਦੇ ਹੋਏ ਸ਼੍ਰੋਮਣੀ ਕਮੇਟੀ ਨੂੰ ਇੱਕ ਸੂਚੀ ਕੇਂਦਰ ਸਰਕਾਰ ਨੂੰ ਹਾਸਲ ਕਰਵਾਉਣ ਲਈ ਕਿਹਾ ਸੀ। ਮਿਲੇ ਹਵਾਲਿਆਂ ਦੇ ਨਾਲ ਇਸ ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੱਥ ਪੇਸ਼ ਕਰੇ ਕਿ ਉਸ ਨੂੰ ਭਾਰਤੀ ਫੌਜ, ਸੀ ਬੀ ਆਈ ਅਤੇ ਕੇਂਦਰ ਸਰਕਾਰ ਵੱਲੋਂ ਵਾਪਸ ਕੀਤੀਆਂ ਹੱਥ ਲਿਖਤਾਂ, ਕਲਾਕ੍ਰਿਤਾਂ ਤੇ ਧਾਰਮਿਕ ਸਾਹਿਤ ਕਿੱਥੇ ਹੈ ਤੇ ਇਨ੍ਹਾਂ ਦਾ ਕੀ ਹੋਇਆ। ਇਹ ਮੰਗ ਵੀ ਕੀਤੀ ਗਈ ਹੈ ਕਿ ਇਨ੍ਹਾਂ ਲਿਖਤਾਂ ਤੇ ਕ੍ਰਿਤਾਂ ਦੀ ਸੂਚੀ ਤਿਆਰ ਕੀਤੀ ਜਾਵੇ ਤੇ ਮੁੜ ਲਾਇਬਰੇਰੀ ਵਿੱਚ ਦਰਸ਼ਨਾਂ ਤੇ ਖੋਜ ਲਈ ਪੇਸ਼ ਕੀਤਾ ਜਾਵੇ। ਹਾਈ ਕੋਰਟ ਵਿੱਚ ਇਸ ਪਟੀਸ਼ਨ 'ਤੇ ਸੁਣਵਾਈ ਸੱਤ ਨਵੰਬਰ 'ਤੇ ਪਾ ਦਿੱਤੀ ਗਈ ਹੈ।

# ਸੈਂਤਪੁਰ ਦੇ ਨੌਜਵਾਨ ਦੀ ਅਮਰੀਕਾ ਦੇ ਨਿਊਜਰਸੀ ਵਿੱਚ ਮੌਤ

ਨਡਾਲਾ, 22 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸ਼ਹਿਰ ਨਿਊਜਰਸੀ ਵਿੱਚ ਕਾਰ ਸਵਾਰ ਵੱਲੋਂ ਮਾਰੀ ਟੱਕਰ ਨਾਲ ਪਿੰਡ ਸੈਂਤਪੁਰ ਦੇ ਇੱਕ ਨੌਜਵਾਨ ਦੀ ਮੌਤ ਹੋ ਗਈ।

ਮ੍ਰਿਤਕ ਨੌਜਵਾਨ ਦੀ ਮਾਤਾ ਚਰਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਹਰਜਿੰਦਰ ਸਿੰਘ ਜਿੰਦ (27) ਪੁੱਤਰ ਕਰਮ ਸਿੰਘ ਕਰੀਬ ਤਿੰਨ ਸਾਲ ਪਹਿਲਾਂ ਲੱਖਾਂ ਰੁਪਏ ਖਰਚ ਕਰ ਕੇ ਅਮਰੀਕਾ ਗਿਆ ਸੀ ਅਤੇ ਸੱਤ ਲੱਖ ਦਾ ਬਾਂਡ ਵੀ ਭਰਿਆ ਸੀ। ਉਹ ਆਪਣੇ ਪਿਤਾ ਅਤੇ ਭਰਾ ਨਾਲ ਨਿਊਜਰਸੀ ਵਿੱਚ ਰਹਿੰਦਾ ਸੀ। ਘਟਨਾ ਵੇਲੇ ਉਹ ਨਿਊਜਰਸੀ 'ਚ ਕੰਮ ਤੋਂ ਵਾਪਸ ਆ ਰਿਹਾ ਸੀ ਤਾਂ ਸੜਕ ਪਾਰ ਕਰਦੇ ਸਮੇਂ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਦੇ ਕਾਰਨ ਸਿਰ ਵਿੱਚ ਗੰਭੀਰ ਸੱਟ ਲੱਗਣ ਪਿੱਛੋਂ ਉਹ ਡਿੱਗ ਪਿਆ ਅਤੇ ਹਸਪਤਾਲ ਲਿਜਾਂਦਿਆਂ ਉਸ ਦੀ ਮੌਤ ਹੋ ਗਈ। ਪੁਲਸ ਨੇ ਕਾਰ ਚਾਲਕ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਹੈ। ਚਰਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਤਿੰਨ ਪੁੱਤਰ ਤੇ ਦੋ ਧੀਆਂ ਹਨ। ਬੀ ਏ ਦੀ ਪੜ੍ਹਾਈ ਪੂਰੀ ਕਰਨ ਪਿੱਛੋਂ ਹਰਜਿੰਦਰ ਕਰਜ਼ਾ ਚੁੱਕ ਕੇ ਵਿਦੇਸ਼ ਗਿਆ ਤੇ ਅਜੇ ਪੱਕਾ ਨਹੀਂ ਸੀ ਹੋਇਆ।

# ਸੜਕ ਹਾਦਸੇ ਵਿੱਚ ਐਕਟਿਵਾ ਸਵਾਰ ਟੀਚਰ ਦੀ ਮੌਤ

ਜਲੰਧਰ, 22 ਸਤੰਬਰ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਪਠਾਨਕੋਟ ਚੌਕ 'ਤੇ ਸਕੂਲ ਤੋਂ ਛੁੱਟੀ ਪਿੱਛੋਂ ਘਰ ਪਰਤ ਰਹੀ ਐਕਟਿਵਾ ਸਵਾਰ ਟੀਚਰ ਨੂੰ ਇੱਕ ਟਰੱਕ ਘਸੀਟਦਾ ਲੈ ਗਿਆ, ਜਿਸ ਦੀ ਮੌਤ ਹੋ ਗਈ। ਪੁਲਸ ਨੇ ਟਰੱਕ ਚਾਲਕ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ, ਹਾਦਸਾ ਟਰੱਕ ਚਾਲਕ ਦੀ ਲਾਪਰਵਾਹੀ ਨਾਲ ਹੋਇਆ ਹੈ। ਮ੍ਰਿਤਕਾ ਦੀ ਪਛਾਣ ਸੋਨੀਆ ਹਾਂਡਾ (42) ਪਤਨੀ ਜਤਿੰਦਰ ਵਾਸੀ ਨਿਊ ਕੈਲਾਸ਼ ਨਗਰ ਦੇ ਤੌਰ 'ਤੇ ਹੋਈ ਹੈ।

ਥਾਣਾ ਨੰਬਰ ਅੱਠ ਦੇ ਏ ਐੱਸ ਆਈ ਤਰਸੇਮ ਲਾਲ ਨੇ ਦੱਸਿਆ ਕਿ ਸਕੂਲ ਤੋਂ ਛੁੱਟੀ ਦੇ ਬਾਅਦ ਸੋਨੀਆ ਆਪਣੀ ਐਕਟਿਵਾ 'ਤੇ ਘਰ ਜਾਣ ਲਈ ਨਿਕਲੀ ਅਤੇ ਪਠਾਨਕੋਟ ਚੌਕ 'ਤੇ ਰੈੱਡ ਲਾਈਟ ਹੋਣ ਉਤੇ ਟਰੱਕ ਦੇ ਖੱਬੇ ਪਾਸੇ ਖੜ੍ਹੀ ਹੋ ਗਈ। ਜਿਵੇਂ ਗਰੀਨ ਸਿਗਨਲ ਹੋਇਆ ਤਾਂ ਸੋਨੀਆ ਐਕਟਿਵਾ 'ਤੇ ਜਾਣ ਲੱਗੀ ਸੀ ਕਿ ਟਰੱਕ ਚਾਲਕ ਨੇ ਅਚਾਨਕ ਰੇਸ ਦੇ ਦਿੱਤੀ ਅਤੇ ਐਕਟਿਵਾ ਸਮੇਤ ਟੀਚਰ ਨੂੰ ਘਸੀਟਦਾ ਲੈ ਗਿਆ। ਲੋਕਾਂ ਨੇ ਰੌਲਾ ਪਾ ਕੇ ਟਰੱਕ ਰੁਕਵਾਇਆ, ਪਰ ਸਿਰ ਉੱਤੇ ਗੰਭੀਰ ਸੱਟ ਲੱਗਣ ਕਾਰਨ ਸੋਨੀਆ ਦੀ ਮੌਕੇ 'ਤੇ ਮੌਤ ਹੋ ਗਈ। ਸੂਚਨਾ ਮਿਲਣ 'ਤੇ ਥਾਣਾ ਨੰਬਰ ਅੱਠ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਟਰੱਕ ਚਾਲਕ ਜਗਮੋਹਨ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਭੋਗਪੁਰ ਨੂੰ ਕਾਬੂ ਕਰ ਲਿਆ। ਏ ਐੱਸ ਆਈ ਤਰਸੇਮ ਲਾਲ ਦਾ ਕਹਿਣਾ ਹੈ ਕਿ ਟਰੱਕ ਚਾਲਕ ਖਿਲਾਫ ਕੇਸ ਦਰਜ ਕਰ ਕੇ ਉਸ ਦੀ ਗ੍ਰਿਫਤਾਰੀ ਪਾ ਦਿੱਤੀ ਗਈ ਹੈ।

# ਪੰਜਾਬ ਸਰਕਾਰ ਨੇ ਮਾਹਰ ਡਾਕਟਰਾਂ ਦੀ ਸੇਵਾ ਮੁਕਤੀ ਉਮਰ 65 ਸਾਲ ਕੀਤੀ

ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਮਾਹਰ ਡਾਕਟਰਾਂ ਦੇ ਸੇਵਾ ਕਾਲ ਦੀ ਉਮਰ ਹੱਦ 60 ਸਾਲ ਤੋਂ ਵਧਾ ਕੇ 65 ਸਾਲ ਕਰ ਦਿੱਤੀ ਹੈ। ਇਸ ਤੋਂ ਬਾਅਦ ਇਹ ਮਾਹਰ ਡਾਕਟਰ ਆਪਣੀ ਸੇਵਾ ਮੁਕਤੀ ਤੋਂ ਬਾਅਦ ਵੀ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵਿੱਚ ਸੇਵਾਵਾਂ ਨਿਭਾ ਸਕਣਗੇ।



ਸਿਹਤ ਐ ਪਰਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਮਾਹਰ ਡਾਕਟਰਾਂ ਦੀ ਕਮੀ ਪੂਰੀ ਕਰਨ ਲਈ ਰਾਜ ਸਰਕਾਰ ਨੇ ਮਾਹਰ ਡਾਕਟਰਾਂ ਦੀ ਉਮਰ ਹੱਦ ਵਧਾਉਣ ਦਾ ਫੈਸਲਾ ਲਿਆ ਹੈ ਤਾਂ ਜੋ ਲੰਬੇ ਸਮੇਂ ਤੱਕ ਉਹ ਵਿਭਾਗ 'ਚ ਆਪਣੀਆਂ ਸੇਵਾਵਾਂ ਦੇ ਸਕਣ। ਉਨ੍ਹਾ ਦੱਸਿਆ ਕਿ ਪ੍ਰਬੰਧਕੀ ਵਿਭਾਗ ਵੱਲੋਂ 384 ਖਾਲੀ ਪੋਸਟਾਂ 'ਤੇ ਪੱਕੀ ਭਰਤੀ ਹੋਣ ਤੱਕ ਗਾਇਨੀਕਾਲੋਜਿਸਟ, ਸਰਜਨ, ਆਰਥੋਪੈਡੀਸ਼ਨਜ਼, ਰੇਡੀਆਲੋਜਿਸਟ, ਐਨੇਸਥੀਸਿਇਟਸ ਆਦਿ ਨੂੰ ਕੰਸਲਟੈਂਟ ਵਜੋਂ ਰੱਖਿਆ ਜਾਵੇਗਾ ਤੇ ਸ਼ੁਰੂ ਵਿੱਚ ਹਰ ਕੰਸਲਟੈਂਟ ਨੂੰ ਇਕ ਸਾਲ ਦੇ ਸਮੇਂ ਲਈ ਠੇਕਾ ਆਧਾਰ 'ਤੇ ਨਿਯੁਕਤ ਕੀਤਾ ਜਾਵੇਗਾ, ਜਿਸ ਪਿੱਛੋਂ ਕਾਰਗੁਜ਼ਾਰੀ ਦੇ ਆਧਾਰ ਉੱਤੇ ਸਾਲ-ਦਰ-ਸਾਲ ਵਾਧਾ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਕੰਸਟਟੈਂਟਾਂ ਨੂੰ ਮਿਲਣ ਵਾਲੀ ਤਨਖਾਹ ਉਨ੍ਹਾਂ ਦੇ ਨੌਕਰੀ ਦੀ ਆਖਰੀ ਤਨਖਾਹ ਵਿੱਚੋਂ ਪੈਨਸ਼ਨ ਦੀ ਰਕਮ ਘਟਾ ਕੇ ਬਚਦੀ ਰਕਮ ਤੋਂ ਵੱਧ ਨਹੀਂ ਹੋਵੇਗੀ ਤੇ ਇਹ ਸਿਰਫ ਕਲੀਨਿਕਲ ਡਿਊਟੀ ਨਿਭਾਉਣਗੇ ਅਤੇ ਕਿਸੇ ਵੀ ਕੇਸ 'ਚ ਉਨ੍ਹਾਂ ਨੂੰ ਕੋਈ ਪ੍ਰਸ਼ਾਸਕੀ ਡਿਊਟੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਪ੍ਰਬੰਧਕੀ ਵਿਭਾਗ ਨੂੰ ਭਰਤੀ ਪ੍ਰਕਿਰਿਆ ਵੇਲੇ 100 ਫੀਸਦੀ ਪਾਰਦਰਸ਼ਤਾ ਬਣਾਏ ਰੱਖਣ, ਮੈਰਿਟ ਉੱਤੇ ਨਿਯੁਕਤੀਆਂ ਯਕੀਨੀ ਬਣਾਉਣ ਤੇ ਸਟੇਸ਼ਨ ਅਲਾਟ ਕਰਨ ਦੀ ਹਦਾਇਤ ਵੀ ਦਿੱਤੀ। ਸਿੱਧੂ ਨੇ ਦੱਸਿਆ ਕਿ ਇਸ ਸਾਲ ਲਈ ਕੰਸਲਟੈਂਟਾਂ ਦੀ ਨਿਯੁਕਤੀ ਲਈ ਵੱਧ ਤੋਂ ਵੱਧ ਉਮਰ 64 ਸਾਲ ਹੋਵੇਗੀ ਅਤੇ ਕੰਸਲਟੈਂਟ ਦੀ ਉਮਰ 65 ਸਾਲ ਦੀ ਹੋਣ 'ਤੇ ਕਿਸੇ ਵੀ ਹਾਲਾਤ 'ਚ ਉਸ ਨੂੰ ਸੇਵਾ ਵਿੱਚ ਨਹੀਂ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੰਸਲਟੈਂਟ ਨੂੰ ਕੰਟਰੈਕਟ ਦੇ ਸਮੇਂ ਦੌਰਾਨ 'ਪ੍ਰਾਈਵੇਟ ਪ੍ਰੈਕਟਿਸ' ਦੀ ਆਗਿਆ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਕੰਸਲਟੈਂਟ ਦੀ ਭਰਤੀ ਠੇਕਾ ਆਧਾਰ 'ਤੇ ਹੋਵੇਗੀ ਅਤੇ ਵਿੱਤ ਵਿਭਾਗ ਵੱਲੋਂ ਇਸ ਸਬੰਧੀ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਅਨੁਸਾਰ ਹੋਰ ਸ਼ਰਤਾਂ ਨੂੰ ਲਾਗੂ ਕੀਤਾ ਜਾਵੇਗਾ।

# ਸਮਾਰਟ ਫੋਨ ਖਰੀਦਣ ਲਈ ਪੰਜਾਬ ਸਰਕਾਰ ਵੱਲੋਂ ਟੈਂਡਰ ਜਾਰੀ

ਬਠਿੰਡਾ, 22 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਢਾਈ ਸਾਲਾਂ ਪਿੱਛੋਂ ਸਮਾਰਟ ਫੋਨ ਖਰੀਦਣ ਲਈ ਸਰਗਰਮ ਹੋਈ ਤੇ ਅਚਾਨਕ ਇਹ ਫੋਨ ਵੰਡਣ ਲਈ ਕਾਹਲੀ ਪੈ ਗਈ ਹੈ। ਪਹਿਲੇ ਪੜਾਅ 'ਚ ਪੰਜਾਬ ਦੀਆਂ 1.60 ਲੱਖ ਲੜਕੀਆਂ ਨੂੰ ਸਮਾਰਟ ਫੋਨ ਦਿੱਤੇ ਜਾਣੇ ਹਨ, ਜੋ ਗਿਆਰ੍ਹਵੀਂ ਤੇ ਬਾਰ੍ਹਵੀਂ ਕਲਾਸ 'ਚ ਪੜ੍ਹਦੀਆਂ ਹਨ।

ਇਸ ਸੰਬੰਧ ਵਿੱਚ ਡੇਰਾ ਬਾਬਾ ਨਾਨਕ ਵਿਖੇ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਸਮਾਰਟ ਫੋਨ ਸਕੀਮ ਨੂੰ ਹਰੀ ਝੰਡੀ ਦਿੱਤੇ ਜਾਣ ਪਿੱਛੋਂ ਕੱਲ੍ਹ ਵਧੀਕ ਮੁੱਖ ਸਕੱਤਰ (ਸਨਅਤ ਤੇ ਵਣਜ) ਵਿੰਨੀ ਮਹਾਜਨ ਨੇ ਉਚ ਪੱਧਰੀ ਮੀਟਿੰਗ ਕੀਤੀ ਸੀ, ਜਿਸ ਵਿੱਚ ਸਮਾਰਟ ਫੋਨ ਖਰੀਦਣ ਲਈ ਟੈਂਡਰ ਜਾਰੀ ਕਰ ਦਿੱਤੇ ਗਏ। ਸਰਕਾਰ ਦਾ ਚੱਲਦੇ ਸਾਲ ਦੇ ਅਖੀਰ ਤੱਕ ਪਹਿਲਾ ਪੜਾਅ ਮੁਕੰਮਲ ਕਰਨ ਦਾ ਟੀਚਾ ਹੈ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਖ ਚੁੱਕੇ ਹਨ ਕਿ ਸਮਾਰਟ ਫੋਨ ਖਰੀਦਣ ਲਈ ਲੋੜੀਂਦੇ ਫੰਡਾਂ ਦਾ ਪ੍ਰਬੰਧ ਹੋ ਗਿਆ ਹੈ ਅਤੇ ਇਨਫੋਟੈਕ ਵੱਲੋਂ ਸਮਾਰਟ ਫੋਨ ਦੀ ਖਰੀਦ ਪ੍ਰਕਿਰਿਆ ਸਿਰੇ ਚਾੜ੍ਹੀ ਜਾਵੇਗੀ। ਇਸ ਦੇ ਨਵੇਂ ਸਿਰਿਉਂ ਟੈਂਡਰ ਕੀਤੇ ਜਾ ਰਹੇ ਹਨ।

ਮਿਲੇ ਵੇਰਵਿਆਂ ਅਨੁਸਾਰ ਸਮਾਰਟ ਫੋਨ ਦੀ ਖਰੀਦ ਪ੍ਰਕਿਰਿਆ ਉਤੇ ਕਰੀਬ ਇਕ ਕਰੋੜ ਰੁਪਏ ਖਰਚੇ ਵੀ ਕੀਤੇ ਜਾ ਚੁੱਕੇ ਹਨ, ਜਿਸ ਵਿੱਚ ਵੱਡਾ ਖਰਚਾ ਸਲਾਹਾਂ ਦੇਣ ਵਾਲੀ ਫਰਮ ਦਾ ਹੈ। ਵਰਨਣ ਯੋਗ ਹੈ ਕਿ ਕਾਂਗਰਸ ਪਾਰਟੀ ਨੇ ਚੋਣ ਮਨੋਰਥ ਪੱਤਰ ਵਿੱਚ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦਾ ਵਾਅਦਾ ਕੀਤਾ ਸੀ। ਉਂਜ ਪੰਜਾਬ ਵਿੱਚ ਪਹਿਲਾਂ ਮੋਬਾਈਲ ਫੋਨਾਂ ਦਾ ਘਾਟਾ ਨਹੀਂ।

# ਘਰ ਮੂਹਰੇ ਖੇਡਦੇ ਬੱਚੇ ਦੀ ਟਰੱਕ ਨੇ ਜਾਨ ਲਈ

ਗੜ੍ਹਸ਼ੰਕਰ, 22 ਸਤੰਬਰ (ਪੋਸਟ ਬਿਊਰੋ)- ਚੰਡੀਗੜ੍ਹ-ਹੁਸ਼ਿਆਰਪੁਰ ਰੋਡ ਉੱਤੇ ਪਿੰਡ ਡਾਨਸੀਵਾਲ ਵਿੱਚ ਘਰ ਮੂਹਰੇ ਖੇਡਦੇ ਇੱਕ ਦਸ ਸਾਲਾ ਬੱਚੇ ਦੀ ਕੱਲ੍ਹ ਸ਼ਾਮ ਕਰੀਬ ਪੰਜ ਵਜੇ ਸੜਕ ਤੋਂ ਲੰਘਦੇ ਤੇਜ਼ ਰਫਤਾਰ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ। ਬੱਚੇ ਦੀ ਪਛਾਣ ਮੋਹਿਤ ਪੁੱਤਰ ਦੀਪਕ ਕੁਮਾਰ ਵਜੋਂ ਹੋਈ ਹੈ। ਉਕਤ ਬੱਚਾ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ ਜਿਸ ਦਾ ਪਰਵਾਰ ਵੱਲੋਂ ਕੁਝ ਦਿਨ ਪਹਿਲਾਂ ਜਨਮ ਦਿਨ ਮਨਾਇਆ ਗਿਆ ਸੀ। ਬੱਚਾ ਦੀਪਕ ਆਪਣੇ ਘਰ ਮੂਹਰੇ ਖੇਡ ਰਿਹਾ ਸੀ ਕਿ ਗੜ੍ਹਸ਼ੰਕਰ ਤੋਂ ਮਾਹਿਲਪੁਰ ਵੱਲ ਜਾਂਦਾ ਤੇਜ਼ ਰਫਤਾਰ ਟਰੱਕ ਅਚਾਨਕ ਸੜਕ ਤੋਂ ਘੁੰਮ ਕੇ ਉਸ ਬੱਚੇ ਵੱਲ ਮੁੜ ਗਿਆ ਅਤੇ ਸੜਕ ਦੇ ਕੱਚੇ ਪਾਸੇ ਖੇਡਦੇ ਬੱਚੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

# ਖਹਿਰਾ ਵੱਲੋਂ ਮੰਗ, ਕਾਲੀ ਸੂਚੀ ਵਿੱਚੋਂ ਕੱਢੇ 312 ਲੋਕਾਂ ਦੇ ਨਾਂ ਜਨਤਕ ਕਰੋ

ਜਲੰਧਰ, 22 ਸਤੰਬਰ (ਪੋਸਟ ਬਿਊਰੋ)- ਹਲਕਾ ਭੁਲੱਥ ਤੋਂ ਵਿਧਾਇਕ ਅਤੇ ਪੰਜਾਬੀ ਏਕਤਾ ਪਾਰਟੀ ਦੇ ਮੁਖੀ ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਕਾਲੀ ਸੂਚੀ ਵਿੱਚੋਂ ਕੱਢੇ ਗਏ 312 ਨਾਂਅ ਜਨਤਕ ਕਰੇ। ਉਨ੍ਹਾਂ ਕਿਹਾ ਕਿ ਕਾਲੀ ਸੂਚੀ ਵਿੱਚੋਂ ਕੱਢੇ ਗਏ ਨਾਵਾਂ ਦਾ ਉਹ ਸਵਾਗਤ ਕਰਦੇ ਹਨ, ਪਰ ਇਸ ਨੂੰ ਜਨਤਕ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਅਸਲ ਤਸਵੀਰ ਸਾਹਮਣੇ ਆ ਸਕੇ।

ਖਹਿਰਾ ਨੇ ਦਾਅਵਾ ਕੀਤਾ ਕਿ ਵਿਦੇਸ਼ ਵੱਸਦੇ ਸਿੱਖਾਂ ਵਿੱਚ ਦਹਿਸ਼ਤ ਪੈਦਾ ਕਰਨ ਲਈ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿੱਚ ਪਾਏ ਗਏ ਸਨ ਤੇ ਇਹ ਸੂਚੀ ਦੱਸੇ ਗਏ ਨਾਵਾਂ ਤੋਂ ਕਿਤੇ ਵੱਡੀ ਹੈ। ਉਨ੍ਹਾਂ ਨੇ ਕਿਹਾ ਕਿ 314 ਨਾਵਾਂ ਵਿੱਚੋਂ 312 ਨਾਂ ਕੱਟੇ ਗਏ ਹਨ ਤੇ ਜਿਹੜੇ ਦੋ ਨਾਂ ਕਾਲੀ ਸੂਚੀ ਵਿੱਚ ਰੱਖੇ ਗਏ ਹਨ,



ਸਰਕਾਰ ਉਹ ਵੀ ਦੱਸਦੀ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਹਰਿਆਣੇ ਦੀਆਂ ਚੋਣਾਂ ਸਿਰ ਉੱਤੇ ਹੋਣ ਕਾਰਨ ਭਾਜਪਾ ਇਸ ਦਾ ਸਿਹਰਾ ਸਿਰ ਲੈਣਾ ਚਾਹੁੰਦੀ ਹੈ, ਪਰ ਕਾਲੀ ਸੂਚੀ ਸਰਕਾਰ ਦਾ ਗੈਰ ਕਾਨੂੰਨੀ ਕਦਮ ਹੈ, ਇਸ ਵਿੱਚ ਏਜੰਸੀਆਂ ਨੇ ਉਨ੍ਹਾਂ ਸਾਰੇ ਪ੍ਰਮੁੱਖ ਸਿੱਖਾਂ ਨੂੰ ਸ਼ਾਮਲ ਕੀਤਾ ਹੈ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਵਿਰੁੱਧ ਵਿਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਅੱਗੇ ਰੋਸ ਪ੍ਰਦਰਸ਼ਨ ਕੀਤੇ ਸਨ। ਇਸ ਸੂਚੀ ਵਿੱਚ ਉਹ ਸਾਰੇ ਲੋਕ ਵੀ ਸ਼ਾਮਲ ਕੀਤੇ ਹਨ, ਜਿਨ੍ਹਾਂ ਨੇ ਵੱਖ-ਵੱਖ ਦੇਸ਼ਾਂ ਵਿੱਚ ਸਿਆਸੀ ਪਨਾਹ ਲੈ ਕੇ ਉਥੇ ਨਾਗਰਿਕਤਾ ਲੈ ਲਈ ਹੈ। ਖਹਿਰਾ ਨੇ ਕਿਹਾ ਕਿ ਸਾਲ 2016 ਵਿੱਚ ਜਦੋਂ ਉਹ ਆਮ ਆਦਮੀ ਪਾਰਟੀ ਲਈ ਸਮਰਥਨ ਮੰਗਣ ਲਈ ਅਮਰੀਕਾ ਤੇ ਕੈਨੇਡਾ ਗਏ ਤਾਂ ਸੈਂਕੜੇ ਸਿੱਖਾਂ ਨੇ ਇਸ ਬਾਰੇ ਸ਼ਿਕਾਇਤਾਂ ਕੀਤੀਆਂ ਸਨ।



# ਮਨਜਿੰਦਰ ਸਿੰਘ ਸਿਰਸਾ ਅਤੇ ਮੂਸੇਵਾਲਾ ਦੀ ਮਿਲਣੀ ਉੱਤੇ ਸਵਾਲ ਉੱਠਣ ਲੱਗੇ

## * ਹਰ ਪੰਥ ਦੋਖੀ ਨਾਲ ਸਿਰਸਾ ਦਾ ਕੀ ਰਿਸ਼ਤਾ ਹੁੰਦੈ: ਜੀ ਕੇ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਵਿਵਾਦ ਵਿੱਚ ਫਸੇ ਹੋਏ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰ-ਦਰ ਸਿੰਘ ਸਿਰਸਾ ਦੀ ਕੱਲ੍ਹ ਹੋਈ ਮੁਲਾਕਾਤ ਦੇ ਬਾਅਦ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਮਨਜਿੰਦਰ ਸਿੰਘ ਸਿਰਸਾ 'ਤੇ ਤਿੱਖਾ ਸ਼ਬਦੀ ਹਮਲਾ ਬੋਲਿਆ ਹੈ। ਉਸ ਨੇ ਕਿਹਾ ਕਿ ਕੱਲ੍ਹ ਗਾਇਕ ਮੂਸੇਵਾਲਾ ਦਾ ਯੂ-ਟਿਊਬ ਉੱਤੇ ਇੱਕ ਗੀਤ ਆਇਆ ਸੀ, ਜਿਸ ਵਿੱਚ ਉਹ ਸਿੱਖ ਜਰਨੈਲ ਮਾਈ ਭਾਗੋ ਦਾ ਮੁਕਾ-ਬਲਾ ਪੰਜਾਬੀ ਫਿਲਮਾਂ ਦੀ ਅਦਾਕਾਰਾ ਸੋਨਮ ਬਾਜਵਾ ਨਾਲ ਕਰਨ ਦੀ ਗੁਸਤਾਖੀ ਕੀਤੀ ਹੈ। ਸੋਨਮ ਬਾਜਵਾ ਦਾ ਅਸ਼ਲੀਲ ਪਹਿਰਾਵਾ ਮਾਈ ਭਾਗੋ ਦੀ ਸ਼ਖਸੀਅਤ ਦਾ ਮੁਕਾਬਲਾ ਨਹੀਂ ਕਰ ਸਕਦਾ। ਵਰਨਣ ਯੋਗ ਹੈ ਕਿ ਸਿੱਖਾਂ ਦੇ ਭਾਰੀ ਰੋਸ ਤੋਂ ਬਾਅਦ ਭਾਵੇਂ ਕੱਲ੍ਹ ਹੀ ਮੂਸੇਵਾਲਾ ਨੇ ਫੇਸਬੁਕ 'ਤੇ ਲਾਈਵ ਹੋ ਕੇ ਸਿੱਖ ਕੌਮ ਪਾਸੋਂ ਮੁਆਫੀ ਮੰਗ ਲਈ ਹੈ, ਪਰ ਇਹ ਵਿਵਾਦ ਹਾਲੇ ਮੱਠਾ ਨਹੀਂ ਪਿਆ। ਮਨਜੀਤ ਸਿੰਘ ਜੀ ਕੇ ਨੇ ਇਸ ਬਾਰੇ ਕਿਹਾ ਕਿ ਅਕਾਲੀ ਦਲ ਨੇ ਕੱਲ੍ਹ ਮੂਸੇਵਾਲਾ ਨੂੰ ਤੁਰੰਤ ਗ੍ਰਿਫਤਾਰ ਕਰਨ ਦਾ ਬਿਆਨ ਦਿੱਤਾ ਸੀ, ਪਰ ਉਸ ਬਿਆਨ ਤੋਂ ਬਾਅਦ ਮਨਜਿੰਦਰ ਸਿੰਘ ਸਿਰਸਾ ਦੇ ਘਰ ਮੂਸੇਵਾਲਾ ਦਾ ਆਉਣਾ ਅਕਾਲੀ ਦਲ ਦੇ ਦੋਹਰੇ ਮਾਪਦੰਡ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਅਤੇ ਅਕਾਲੀ ਦਲ ਦਾ ਜਨਰਲ ਸਕੱਤਰ ਉਸ ਸ਼ਖਸ ਨਾਲ ਗੁਪਤ ਮੀਟਿੰਗ ਕਰ ਰਿਹਾ ਹੈ, ਜਿਸ ਨੂੰ ਉਸ ਦੀ ਪਾਰਟੀ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਕਿਹਾ ਸੀ ਕਿ ਡੇਰਾ ਸੱਚਾ ਸੌਦਾ ਨੂੰ ਮੁਆਫੀ ਦੇਣ ਲਈ ਜਥੇਦਾਰਾਂ ਨੂੰ ਮਨਜਿੰਦਰ ਸਿੰਘ ਸਿਰਸਾ ਨੇ ਚੰਡੀਗੜ੍ਹ ਵਿੱਚ ਧਮਕਾਇਆ ਸੀ ਤੇ ਡੇਰਾ ਸਿਰਸਾ ਦੇ ਮੁਖੀ ਨਾਲ ਮਿਲ ਕੇ ਸਿਰਸਾ ਨੇ ਅੰਦਰਖਾਤੇ ਮੁਆਫੀਨਾਮਾ ਤਿਆਰ ਕਰਵਾ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾਉਣ ਦੀ ਵੱਡੀ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਮੂਸੇਵਾਲਾ ਨਾਲ ਜੱਫੀ ਪਾਉਣ ਦੀਆਂ ਤਸਵੀਰਾਂ ਸਾਬਿਤ ਕਰਦੀਆਂ ਹਨ ਕਿ ਸਿਰਸਾ ਦਾ ਸਿੱਖ ਧਰਮ ਅਤੇ ਸਿਧਾਂਤ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ। ਮਨਜੀਤ ਸਿੰਘ ਜੀ ਕੇ ਨੇ ਸਵਾਲ ਕੀਤਾ ਕਿ ਸਿੱਖ ਪੰਥ ਦੀ ਪਿੱਠ 'ਚ ਛੁਰਾ ਮਾਰਨ ਵਾਲਿਆਂ ਨਾਲ ਸਿਰਸੇ ਦੇ ਇਸ ਪਿਆਰ ਤੇ ਰਿਸ਼ਤੇ ਨੂੰ ਕੀ ਨਾਂਅ ਦੇਵਾਂਗੇ, ਕਿਉਂਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਾ ਇਸ ਤਰ੍ਹਾਂ ਪੰਥ ਦੋਖੀਆਂ ਨੂੰ ਹਿਫਾਜ਼ਤ ਦੇਣਾ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲਾ ਹੈ।

# ਏਟਾ ਵਿੱਚ ਪਟਾਕਾ ਫੈਕਟਰੀ ਵਿੱਚ ਧਮਾਕੇ ਨਾਲ ਛੇ ਮੌਤਾਂ, ਕਈ ਜ਼ਖ਼ਮੀ



ਏਟਾ, 22 ਸਤੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਏਟਾ ਜ਼ਿਲ੍ਹੇ ਦੀ ਪਟਾਕੇ ਬਣਾਉਣ ਵਾਲੀ ਇੱਕ ਫੈਕਟਰੀ ਵਿੱਚ ਕੱਲ੍ਹ ਹੋਏ ਧਮਾਕੇ ਵਿੱਚ ਛੇ ਜਣਿਆਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਮ੍ਰਿਤਕਾਂ ਵਿੱਚ ਪੰਜ ਔਰਤਾਂ ਵੀ ਸਨ। ਇਹ ਹਾਦਸਾ ਮਿਰੇਹਚੀ ਇਲਾਕੇ ਵਿੱਚ ਹੋਇਆ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਪੰਜਾਬ ਦੇ ਬਟਾਲਾ ਵਿੱਚ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਵਿੱਚ 23 ਲੋਕਾਂ ਦੀ ਮੌਤ ਹੋ ਗਈ ਸੀ ਅਤੇ 15 ਲੋਕ ਗੰਭੀਰ ਜ਼ਖਮੀ ਹੋ ਗਏ ਸਨ। ਸਾਹਮਣੇ ਆਈਆਂ ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਧਮਾਕੇ ਵਾਲੀ ਜਗ੍ਹਾ ਦੀ ਬਿਲਡਿੰਗ ਢਹਿ ਢੇਰੀ ਹੋ ਗਈ ਹੈ। ਮੌਕੇ ਉਤੇ ਪਹੁੰਚੀ ਪੁਲਸ ਅਤੇ ਪ੍ਰਸ਼ਾਸਨ ਦੀ ਟੀਮ ਨੇ ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਮਲਬਾ ਹਟਾ ਕੇ ਰੈਸਕਿਊ ਆਪਰੇਸ਼ਨ ਸ਼ੁਰੂ ਕੀਤਾ। ਮਿਰੇਹਚੀ ਦੇ ਮੁਹੱਲਾ ਗੱਢਾ ਦੇ ਇੱਕ ਮਕਾਨ ਵਿੱਚ ਆਤਿਸ਼ਬਾਜ਼ੀ ਬਣਾਈ ਜਾ ਰਹੀ ਸੀ। ਮੁੰਨੀ ਦੇਵੀ ਦੇ ਨਾਂਅ ਪਟਾਕਾ ਫੈਟਰੀ ਦਾ ਲਾਇਸੈਂਸ ਸੀ। ਇਸ ਘਟਨਾ ਸਮੇਂ ਕਈ ਲੋਕ ਉਥੇ ਸਨ। ਸਵੇਰੇ ਕਰੀਬ ਸਾਢੇ 11 ਵਜੇ ਮਕਾਨ ਵਿੱਚ ਤੇਜ਼ ਧਮਾਕਾ ਹੋਣ ਦੇ ਬਾਅਦ ਕਈ ਹੋਰ ਧਮਾਕੇ ਹੋਏ। ਘਟਨਾ ਵਾਲੀ ਜਗ੍ਹਾ ਦੇ ਆਸਪਾਸ ਮਨੁੱਖੀ ਅੰਗ ਖਿਲਰੇ ਪਏ ਸਨ।

# ਐਨ ਆਰ ਆਈ ਨੂੰ ਬੰਦੀ ਬਣਾਉਣ ਉੱਤੇ ਜੰਮੂ ਕਸ਼ਮੀਰ ਸਰਕਾਰ ਤੋਂ ਜਵਾਬ ਮੰਗਿਆ ਗਿਆ

ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਮਲੇਸ਼ੀਆ ਵਿਚਲੇ ਪਰਵਾਸੀ ਭਾਰਤੀ ਕਾਰੋਬਾਰੀ ਦੀ ਪਤਨੀ ਵੱਲੋਂ ਆਪਣੇ ਪਤੀ ਨੂੰ ਜੰਮੂ-ਕਸ਼ਮੀਰ ਵਿੱਚ ਬੰਦੀ ਬਣਾਏ ਜਾਣ ਦੇ ਖਿਲਾਫ ਪੇਸ਼ ਕੀਤੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਸਰਕਾਰ ਨੂੰ ਦੋ ਹਫਤੇ ਵਿੱਚ ਜਵਾਬ ਦੇਣ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਪੰਜ ਹੋਰ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਰੱਖੇ ਜਾਣ 'ਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਜਵਾਬ ਦਾਖਲ ਕਰਨ ਲਈ ਕਿਹਾ ਹੈ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ ਨੇ ਅਰਜ਼ੀ 'ਤੇ ਸੁਣਵਾਈ ਨੂੰ ਸਹਿਮਤੀ ਦਿੱਤੀ ਜਿਸ 'ਚ ਮੰਗ ਕੀਤੀ ਗਈ ਸੀ ਕਿ ਪ੍ਰਵਾਸੀ ਭਾਰਤੀ ਕਾਰੋਬਾਰੀ ਨੂੰ ਅਦਾਲਤ ਮੂਹਰੇ ਪੇਸ਼ ਕਰਨ ਦੀ ਹਦਾਇਤ ਦਿੱਤੀ ਜਾਵੇ। ਇਹ ਪਟੀਸ਼ਨ ਮੁਬੀਨ ਅਹਿਮਦ ਸ਼ਾਹ ਦੀ ਪਤਨੀ ਆਸਿਫਾ ਮੁਬੀਨ ਨੇ ਪੇਸ਼ ਕੀਤੀ ਹੈ, ਜਿਸ 'ਚ ਮੰਗ ਕੀਤੀ ਗਈ ਹੈ ਕਿ ਸੱਤ ਅਗਸਤ ਨੂੰ ਜੰਮੂ ਕਸ਼ਮੀਰ ਜਨ ਸੁਰੱਖਿਆ ਐਕਟ 1978 ਦੀ ਧਾਰਾ 8 (1) (ਏ) ਹੇਠ ਮੁਬੀਨ ਨੂੰ ਬੰਦੀ ਬਣਾਏ ਜਾਣ ਦੇ ਹੁਕਮਾਂ ਨੂੰ ਰੱਦ ਕੀਤਾ ਜਾਵੇ। ਆਪਣੀ ਅਰਜ਼ੀ ਵਿੱਚ ਆਸਿਫਾ ਨੇ ਕਿਹਾ ਕਿ ਉਸ ਦੇ ਪਤੀ ਨੂੰ ਆਗਰਾ ਸੈਂਟਰਲ ਜੇਲ੍ਹ 'ਚ ਗਲਤ ਢੰਗ ਨਾਲ ਆਜ਼ਾਦੀ ਤੋਂ ਵਾਂਝਿਆ ਰੱਖਿਆ ਗਿਆ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ, 'ਹਿਰਾਸਤ 'ਚ ਲਿਆ ਗਿਆ ਵਿਅਕਤੀ ਇਕ ਸੀਨੀਅਰ ਸਿਟੀਜ਼ਨ ਅਤੇ ਦੇਸ਼ ਦਾ ਸਨਮਾਨਿਤ ਨਾਗਰਿਕ, ਡਾਕਟਰ ਅਤੇ ਮਲੇਸ਼ੀਆ 'ਚ ਪ੍ਰਵਾਸੀ ਕਾਰੋਬਾਰੀ ਹੈ, ਜਿਨ੍ਹਾਂ ਨੂੰ ਪੰਜ ਅਗਸਤ ਨੂੰ ਗੈਰਕਾਨੂੰਨੀ ਢੰਗ ਨਾਲ ਗ੍ਰਿਫਤਾਰ ਕੀਤਾ ਗਿਆ ਹੈ।' ਪਟੀਸ਼ਨ 'ਤੇ ਸੁਣਵਾਈ ਦੌਰਾਨ ਸਰਕਾਰ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਇਸ ਵਿਅਕਤੀ ਦੇ ਭਰਾ ਨੇ ਸ਼ਾਇਦ ਜੰਮੂ ਕਸ਼ਮੀਰ ਹਾਈ ਕੋਰਟ ਕੋਲ ਇਸ ਬਾਰੇ ਪਹੁੰਚ ਕੀਤੀ ਹੈ।

# ਭਾਜਪਾ ਆਗੂ ਸਵਾਮੀ ਚਿਨਮਇਆਨੰਦ ਬਲਾਤਕਾਰ ਕੇਸ ਵਿੱਚ ਗ੍ਰਿਫਤਾਰ

ਨਵੀਂ ਦਿੱਲੀ, 22 ਸਤੰਬਰ, (ਪੋਸਟ ਬਿਊਰੋ)- ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਵਿਦੇਸ਼ੀ ਮਾਮਲਿਆਂ ਤੇ ਗ੍ਰਹਿ ਵਿਭਾਗ ਦੇ ਰਾਜ ਮੰਤਰੀ ਰਹਿ ਚੁੱਕੇ ਉੱਤਰ ਪ੍ਰਦੇਸ਼ ਦੇ ਭਾਜਪਾ ਆਗੂ ਸਵਾਮੀ ਚਿਨਮਇਆਨੰਦ ਨੂੰ ਇੱਕ ਵਿਦਿਆਰਥਣ ਦੇ ਨਾਲ ਬਲਾਤਕਾਰ ਦੇ ਦੋਸ਼ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਗ੍ਰਿਫਤਾਰ ਕਰ ਲਿਆ ਹੈ।

ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਅੱਜ ਸ਼ੁੱਕਰਵਾਰ ਵੱਡੀ ਗਿਣਤੀ ਵਿੱਚ ਪੁਲਿਸ ਨਾਲ ਲੈ ਕੇ ਭਾਜਪਾ ਆਗੂ ਸਵਾਮੀ ਚਿਨਮਇਆਨੰਦ ਦੇ ਆਸ਼ਰਮ ਨੂੰ ਘੇਰੇ ਵਿੱਚ ਲਿਆ ਅਤੇ ਸਵਾਮੀ ਨੂੰ ਗ੍ਰਿਫਤਾਰ ਕਰ ਲਿਆ। ਇਸ ਕਾਰਵਾਈ ਤੋਂ ਪਹਿਲਾਂ ਪੀੜਤ ਵਿਦਿਆਰਥਣ ਨੇ ਸੋਮਵਾਰ ਨੂੰ ਬਿਆਨ ਦਰਜ ਕਰਾਇਆ ਸੀ। ਉਹ ਲਗਾਤਾਰ ਸਵਾਮੀ ਚਿਨਮਇਆਨੰਦ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਨ ਤੇ ਉਸ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀ ਸੀ। ਮੈਡੀਕਲ ਜਾਂਚ ਦੇ ਬਾਅਦ ਸਵਾਮੀ ਚਿਨਮਇਆਨੰਦ ਨੂੰ ਅਦਾਲਤ ਪੇਸ਼ ਕੀਤਾ ਗਿਆ ਤੇ ਸੁਣਵਾਈ ਤੋਂ ਪਿੱਛੋਂ ਉਸ ਨੂੰ 14 ਦਿਨ ਜੁਡੀਸ਼ਲ ਹਿਰਾਸਤ ਲਈ ਸਖ਼ਤ ਸੁਰੱਖਿਆ ਵਿੱਚ ਸ਼ਾਹਜਹਾਨਪੁਰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਪਹਿਲਾਂ ਐੱਸ ਆਈ ਟੀ ਜਦੋਂ ਸਵਾਮੀ ਚਿਨਮਇਆਨੰਦ ਨੂੰ ਗ੍ਰਿਫਤਾਰ ਕਰ ਕੇ ਕੋਤਵਾਲੀ ਪਹੁੰਚੀ ਤਾਂ ਕਿਸੇ ਅਣਸੁਖਾਵੀਂ ਘਟਨਾ ਦੇ ਸ਼ੱਕ ਕਾਰਨ ਐੱਸ ਆਈ ਟੀ ਦੇ ਅਧਿਕਾਰੀਆਂ ਨਾਲ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਲਾਈ ਗਈ ਸੀ। ਐੱਸ ਆਈ ਟੀ ਨੇ ਪੁਲਿਸ ਦੀ ਟੀਮ ਨਾਲ ਜਾ ਕੇ ਸਵਾਮੀ ਚਿਨਮਇਆਨੰਦ ਨੂੰ ਉਸ ਦੇ ਆਸ਼ਰਮ ਤੋਂ ਫੜਿਆ ਤੇ ਕੋਤਵਾਲੀ ਲਿਜਾਣ ਤੋਂ ਬਾਅਦ ਉਸ ਨੂੰ ਮੈਡੀਕਲ ਟੈਸਟ ਲਈ ਮੈਡੀਕਲ ਕਾਲਜ ਲਿਜਾਇਆ ਗਿਆ ਸੀ।

ਐਸ ਆਈ ਟੀ ਦੇ ਇੰਚਾਰਜ ਨਵੀਨ ਅਰੋੜਾ ਨੇ ਪ੍ਰੈਸ ਨੂੰ ਦੱਸਿਆ ਕਿ ਸਵਾਮੀ ਚਿਨਮਇਆਨੰਦ ਨੇ ਵਿਦਿਆਰਥਣ ਤੋਂ ਮਸਾਜ ਕਰਵਾਉਣ ਤੇ ਅਸ਼ਲੀਲ ਗੱਲਾਂ ਕਰਨ ਦੇ ਦੋਸ਼ ਮੰਨ ਲਏ ਹਨ, ਪਰ ਜਦੋਂ ਐਸ ਆਈ ਟੀ ਨੇ ਬਲਾਤਕਾਰ ਬਾਰੇ ਪੁੱਛਿਆ ਤਾਂ ਉਸ ਨੇ ਚੁੱਪ ਧਾਰ ਲਈ ਤੇ ਸਿਰਫ਼ ਇੰਨਾ ਕਿਹਾ: 'ਮੈਂ ਸ਼ਰਮਸਾਰ ਹਾਂ।' ਨਵੀਨ ਅਰੋੜਾ ਦੇ ਮੁਤਾਬਕ ਸਵਾਮੀ ਚਿਨਮਇਆਨੰਦ ਅਤੇ ਪੀੜਤਾ ਦੇ ਵਿਚਕਾਰ ਜਨਵਰੀ ਤੋਂ ਕੱਲ੍ਹ ਤਕ 200 ਵਾਰ ਫ਼ੋਨ ਉੱਤੇ ਗੱਲਬਾਤ ਹੋਈ ਅਤੇ ਪੀੜਤਾ ਅਤੇ ਉਸ ਦੇ ਦੋਸਤ ਨਾਲ 4200 ਵਾਰ ਗੱਲਬਾਤ ਹੋਈ ਸੀ। ਐਸ ਆਈ ਟੀ ਨੇ ਸਵਾਮੀ ਚਿਨਮਇਆਨੰਦ ਕੋਲੋਂ ਫ਼ਿਰੌਤੀ ਮੰਗਣ ਦੇ ਦੋਸ਼ ਵਿੱਚ ਵੀ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

## ਜਾਨਵਰ ਤਸਕਰੀ ਕੇਸ

# ਮਨੀ ਲਾਂਡਰਿੰਗ ਵਿੱਚ 81 ਲੱਖ ਰੁਪਏ ਮੁੱਲ ਦੇ ਚਿੰਪੈਂਜ਼ੀ ਤੇ ਬਾਂਦਰ ਜ਼ਬਤ ਕੀਤੇ ਗਏ

ਕੋਲਕਾਤਾ, 22 ਸਤੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਆਪਣੀ ਤਰ੍ਹਾਂ ਦੇ ਪਹਿਲੇ ਕੇਸ ਵਿੱਚ ਮਨੀ ਲਾਂਡਰਿੰਗ ਵਿਰੁੱਧ ਕਾਰਵਾਈ ਕਰਦੇ ਹੋਏ ਤਿੰਨ ਚਿੰਪੈਂਜੀ ਅਤੇ ਚਾਰ ਮਰਮੋਸੇਟ (ਬਾਂਦਰ) ਜ਼ਬਤ ਕੀਤੇ ਹਨ। ਸਾਰੇ ਜਾਨਵਰਾਂ ਨੂੰ ਕੋਲਕਾਤਾ ਦੇ ਅਲੀਪੁਰ ਚਿੜੀਆਘਰ ਵਿੱਚ ਰੱਖਿਆ ਗਿਆ ਹੈ, ਤਾਂ ਕਿ ਇਨ੍ਹਾਂ ਦੀ ਗ੍ਰਿਫਤਾਰੀ ਦੇ ਬਾਅਦ ਦੇਖਭਾਲ ਚੰਗੀ ਤਰੀਕੇ ਨਾਲ ਕੀਤੀ ਜਾ ਸਕੇ।

ਮਰਮੋਸੇਟ ਦੱਖਣੀ ਅਮਰੀਕਾ ਵਿੱਚ ਪਾਏ ਜਾਣ ਵਾਲੇ ਮੋਟੀ ਤੇ ਲੰਬੀ ਪੂਛ ਵਾਲੇ ਛੋਟੇ ਬਾਂਦਰ ਹੁੰਦੇ ਹਨ। ਮਾਮਲਾ ਜਾਨਵਰਾਂ ਦੀ ਤਸਕਰੀ ਦਾ ਹੈ। ਕੋਲਕਾਤਾ ਪੁਲਸ ਨੇ ਸੁਪ੍ਰਦੀਪ ਗੁਹਾ 'ਤੇ ਕਾਰਵਾਈ ਕਰਦੇ ਹੋਏ ਅਦਾਲਤ ਵਿੱਚ ਕੇਸ ਦਰਜ ਕਰਾਇਆ ਸੀ ਅਤੇ ਸੁਪ੍ਰਦੀਪ ਦੇ ਕੋਲ ਪਾਬੰਦੀ ਸ਼ੁਦਾ ਜੰਗਲੀ ਜਾਨਵਰ ਹਨ ਤੇ ਉਹ ਉਨ੍ਹਾਂ ਦੀ ਤਸਕਰੀ ਕਰ ਰਿਹਾ ਹੈ। ਜੰਗਲਾਤ ਤੇ ਜੰਗਲੀ ਜੀਵ ਵਿਭਾਗ ਨੇ ਵੀ ਪੁਲਸ ਦੇ ਕੁਲ ਗੁਹਾ 'ਤੇ ਧੋਖਾਧੜੀ ਦਾ ਮਾਮਲਾ ਦਰਜ ਕਰਾਇਆ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸ ਨੇ ਫਰਜ਼ੀ ਦਸਤਾਵੇਜ਼ਾਂ ਦੇ ਜ਼ਰੀਏ ਪਾਬੰਦੀਸ਼ੁਦਾ ਜਾਨਵਰਾਂ ਦੀ ਤਸਕਰੀ ਦੀ ਕੋਸ਼ਿਸ਼ ਕੀਤੀ ਹੈ। ਜਾਂਚ ਵਿੱਚ ਪਤਾ ਲੱਗਾ ਕਿ ਗੁਹਾ ਇੱਕ ਚਲਾਕ ਤਸਕਰ ਹੈ। ਉਹ ਫਰਜ਼ੀ ਦਸਤਾਵੇਜ਼ਾਂ ਨਾਲ ਕਸਟਮ ਵਿਭਾਗ ਤੇ ਜੰਗਲਾਤ ਤੇ ਜੰਗਲੀ ਜੀਵ ਵਿਭਾਗ ਨੂੰ ਧੋਖਾ ਦੇਣ ਦੀ ਕੋਸ਼ਿਸ਼ ਵਿੱਚ ਸੀ। ਸੁਪ੍ਰਦੀਪ ਨੇ ਦੋਵਾਂ ਵਿਭਾਗਾਂ ਨੂੰ ਵੱਖੋ-ਵੱਖ ਜਾਣਕਾਰੀ ਦਿੱਤੀ। ਉਸ ਨੇ ਜ਼ਬਤ ਕੀਤੇ ਗਏ ਤਿੰਨਾਂ ਚਿੰਪੈਂਜੀਆਂ ਨੂੰ ਭਾਰਤ ਵਿੱਚ ਪੈਦਾ ਹੋਏ ਦਿਖਾਇਆ ਅਤੇ ਇਨ੍ਹਾਂ ਦੇ ਫਰਜ਼ੀ ਦਸਤਾਵੇਜ਼ ਵੀ ਦਿਖਾਏ ਸਨ। ਮਾਮਲਾ ਵਾਈਲਡ ਲਾਈਫ ਨਾਲ ਜੁੜਿਆ ਸੀ ਅਤੇ ਜਾਨਵਰਾਂ ਦੀ ਤਸਕਰੀ ਨਾਲ ਪੈਸੇ ਕਮਾਏ ਜਾ ਰਹੇ ਸਨ, ਇਸ ਲਈ ਜਾਂਚ ਈ ਡੀ ਨੂੰ ਸੌਂਪੀ ਗਈ। ਈ ਡੀ ਨੇ ਮਨੀ ਲਾਂਡਰਿੰਗ ਦਾ ਕੇਸ ਦਰਜ ਕਰ ਕੇ ਤਿੰਨ ਚਿੰਪੈਂਜੀ ਅਤੇ ਚਾਰ ਮਰਮੋਸੇਟ ਨੂੰ ਜ਼ਬਤ ਕਰ ਲਿਆ। ਇਨ੍ਹਾਂ ਦੀ ਕੀਮਤ 81 ਲੱਖ ਰੁਪਏ ਹੈ। ਇੱਕ ਚਿੰਪੈਂਜੀ ਦੀ ਕੀਮਤ ਕਰੀਬ 25 ਲੱਖ ਅਤੇ ਮਰਮੋਸੇਟ ਦੀ ਕੀਮਤ 1.50 ਲੱਖ ਰੁਪਏ ਹੈ।

# ਇਸਰੋ ਨੇ ਕਿਹਾ, ਮਿਸ਼ਨ 98 ਫੀਸਦੀ ਸਫਲ ਰਿਹੈ




ਭੁਵਨੇਸ਼ਵਰ, 22 ਸਤੰਬਰ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਮੁਖੀ ਕੇ ਸਿਵਨ ਨੇ ਕੱਲ੍ਹ ਕਿਹਾ ਕਿ ਚੰਦਰਯਾਨ-2 ਮਿਸ਼ਨ ਆਪਣੇ ਟੀਚੇ ਵਿੱਚ 98 ਫੀਸਦੀ ਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਰੋ 2020 ਤੱਕ ਦੂਜੇ ਚੰਦਰਯਾਨ ਮਿਸ਼ਨ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਸਿਵਨ ਨੇ ਇਹ ਵੀ ਕਿਹਾ ਕਿ ਚੰਦਰਯਾਨ-2 ਦਾ ਆਰਬੀਟਰ ਬਹੁਤ ਸਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ ਤੇ ਉਮੀਦ ਹੈ ਕਿ ਇਹ ਇੱਕ ਸਾਲ ਦੀ ਥਾਂ ਸਾਢੇ ਸੱਤ ਸਾਲ ਤੱਕ ਤੈਅ ਵਿ-ਗਿਆਨਕ ਪ੍ਰਯੋਗ ਠੀਕ ਤਰ੍ਹਾਂ ਨਾਲ ਕਰਦਾ ਰਹੇਗਾ।

ਭੁਵਨੇਸ਼ਵਰ ਵਿੱਚ ਸਿਵਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਅਸੀਂ ਅਜੇ ਤੱਕ ਲੈਂਡਰ ਨਾਲ ਸੰਪਰਕ ਸਥਾਪਤ ਕਰਨ ਵਿੱਚ ਸਫਲ ਨਹੀਂ ਹੋ ਸਕੇ। ਜਦੋਂ ਕੋਈ ਡਾਟਾ ਸਾਨੂੰ ਮਿਲੇਗਾ, ਜ਼ਰੂਰੀ ਕਦਮ ਚੁੱਕੇ ਜਾਣਗੇ।'' ਵਰਨਣ ਯੋਗ ਹੈ ਕਿ ਚੰਦਰਮਾ 'ਤੇ ਰਾਤ ਹੋ ਗਈ ਹੈ। ਲੈਂਡਰ ਵਿਕਰਮ ਦੀ ਬੈਟਰੀ ਨੂੰ ਚਾਰਜ ਕਰਨ ਦੇ ਲਈ ਸੂਰਜ ਦੀ ਰੋਸ਼ਨੀ ਨਹੀਂ ਮਿਲੇਗੀ। ਲੈਂਡਰ ਨੇ ਇੱਕ ਚੰਦਰ ਦਿਵਸ (ਪ੍ਰਿਥਵੀ ਦੇ 14 ਦਿਨਾਂ ਬਰਾਬਰ) ਕੰਮ ਕਰਨਾ ਸੀ। ਕੱਲ੍ਹ ਤੜਕੇ ਇਹ ਸਮਾਂ ਖਤਮ ਹੋ ਗਿਆ। ਇਸਰੋ ਨੇ ਕਿਹਾ ਕਿ ਵਿਕਰਮ ਨਾਲ ਸੰਪਰਕ ਟੁੱਟਣ ਦੇ ਸਹੀ ਕਾਰਨਾਂ ਦਾ ਪਤਾ ਲਾਉਣ ਲਈ ਡਾਟਾ ਦਾ ਅਧਿਐਨ ਕੀਤਾ ਜਾ ਰਿਹਾ ਹੈ। ਸਿਵਨ ਨੇ ਕਿਹਾ ਕਿ ਅਸੀਂ ਦੋ ਕਾਰਨਾਂ ਤੋਂ ਕਹਿ ਰਹੇ ਹਾਂ ਕਿ ਚੰਦਰਯਾਨ-2 ਮਿਸ਼ਨ ਨੇ 98 ਫੀਸਦੀ ਟੀਚਾ ਹਾਸਲ ਕਰ ਲਿਆ ਹੈ। ਪਹਿਲਾ ਕਾਰਨ ਵਿਗਿਆਨ ਅਤੇ ਦੂਸਰਾ ਟੈਕਨਾਲੋਜੀ ਡੈਮਾਂਸਟਰੇਸ਼ਨ ਹੈ। ਜਿੱਥੋਂ ਤੱਕ ਉਦਯੋਗਿਕੀ ਪ੍ਰਮਾਣ ਦੇ ਮੋਰਚੇ ਦੀ ਗੱਲ ਹੈ ਤਾਂ ਇਸ ਵਿੱਚ ਲਗਭਗ ਪੂਰੀ ਤਰ੍ਹਾਂ ਸਫਲਤਾ ਹਾਸਲ ਕੀਤੀ ਗਈ ਹੈ। ਸਿਵਨ ਨੇ ਕਿਹਾ ਕਿ ਆਰਬੀਟਰ ਲਈ ਸ਼ੁਰੂ ਵਿੱਚ ਇੱਕ ਸਾਲ ਦੀ ਯੋਜਨਾ ਬਣਾਈ ਗਈ ਸੀ, ਪਰ ਹੁਣ ਸੰਭਾਵਨਾ ਹੈ ਕਿ ਇਹ ਸਾਢੇ ਸੱਤ ਸਾਲ ਕੰਮ ਕਰੇਗਾ।

# ਭਾਰਤ ਵਿੱਚ ਕਈ ਚੀਜ਼ਾਂ ਉੱਤੇ ਜੀ ਐੱਸ ਟੀ ਖੜੇ ਪੈਰ ਘੱਟ ਕੀਤੀ ਗਈ

## * ਛੋਟੇ ਵਪਾਰੀਆਂ ਨੂੰ ਰਾਹਤ




ਨਵੀਂ ਦਿੱਲੀ, 22 ਸਤੰਬਰ, (ਪੋਸਟ ਬਿਊਰੋ)- ਜੀ ਐੱਸ ਟੀ ਦਰਾਂ ਵਿਚ ਕਟੌਤੀ ਦੀ ਮੰਗ ਦੇ ਰੌਲੇ ਦਰਮਿਆਨ ਭਾਰਤ ਦੀ ਉੱਚ ਅਧਿਕਾਰ ਪ੍ਰਾਪਤ ਜੀ ਐੱਸ ਟੀ ਕੌਂਸਲ ਦੀ ਅੱਜ ਹੋਈ ਬੈਠਕ ਵਿੱਚ ਵੱਖ-ਵੱਖ ਉਦਯੋਗਾਂ ਵੱਲੋਂ ਆਰਥਿਕ ਮੰਦੀ ਦੇ ਹਾਲਾਤ ਨੂੰ ਵੇਖਦੇ ਹੋਏ ਜੀ ਐੱਸ ਟੀ ਬਾਰੇ ਕੁਝ ਕਦਮ ਖੜੇ ਪੈਰ ਚੁੱਕਣ ਦਾ ਫੈਸਲਾ ਕੀਤਾ ਗਿਆ।

ਅੱਜ ਬੈਠਕ ਪਿੱਛੋਂ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਉਚੇਚੀ ਸੱਦੀ ਹੋਈ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਸਲਾਈਡ ਫਾਸਟਨਰ ਉੱਤੇ ਜੀ ਐੱਸ ਟੀ 18 ਤੋਂ ਘਟਾ ਕੇ 12 ਫੀਸਦੀ, ਸਮੁੰਦਰੀ ਬਾਲਣ ਉੱਤੇ 18 ਤੋਂ 5 ਫੀਸਦੀ, ਪੱਥਰ ਵਾਲੇ ਗਰਾਈਂਡਰ ਉੱਤੇ 12 ਤੋਂ ਘਟਾ ਕੇ 5 ਫੀਸਦੀ ਤੇ ਸੁੱਕੀ ਇਮਲੀ ਉੱਤੇ 5 ਫੀਸਦੀ ਤੋਂ 0 ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਦੇਸ਼ ਤੋਂ ਬਾਹਰ ਬਣਦੀ ਖ਼ਾਸ ਰੱਖਿਆ ਸਮੱਗਰੀ, ਜਿਸ ਨਾਲ ਫੌਜ ਦਾ ਵਾਸਤਾ ਪੈਂਦਾ ਹੈ, ਉੱਤੇ ਜੀ ਐੱਸ ਟੀ ਤੋਂ ਛੋਟ ਮਿਲੇਗੀ। ਜੀ ਐੱਸ ਟੀ ਕੌਂਸਲ ਦੀ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਖਜ਼ਾਨਾ ਮੰਤਰੀ ਨੇ ਸਾਧਾਰਨ ਜੀ ਐੱਸ ਟੀ ਰਿਟਰਨ ਲਾਗੂ ਕਰਨ ਦੀ ਡੈਡਲਾਈਨ ਵਧਾਉਣ ਦੀ ਗੱਲ ਕਹੀ ਅਤੇ ਦੱਸਿਆ ਕਿ ਛੋਟੇ ਕਾਰੋਬਾਰੀ ਲੋਕਾਂ ਨੂੰ ਇਸ ਨਾਲ ਸਾਲਾਨਾ ਜੀ ਐੱਸ ਟੀ ਰਿਟਰਨ ਤੋਂ ਛੋਟ ਮਿਲੇਗੀ ਅਤੇ 2 ਕਰੋੜ ਰੁਪਏ ਦੇ ਸਾਲਾਨਾ ਟਰਨ ਓਵਰ ਵਾਸਤੇ ਜੀ ਐੱਸ ਟੀ ਰਿਟਰਨ ਤੋਂ ਛੋਟ ਦਾ ਐਲਾਨ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ 2018-19 ਲਈ ਜੀ ਐੱਸ ਟੀ ਰਿਟਰਨ ਨਹੀਂ ਭਰਨੀ ਪਵੇਗੀ। ਅੱਜ ਜੀ ਐੱਸ ਟੀ ਕੌਂਸਲ ਦੀ ਬੈਠਕ ਵਿਚ ਹੋਟਲ ਕਿਰਾਏ ਵਿਚ ਜੀ ਐੱਸ ਟੀ ਦਰਾਂ ਨੂੰ ਘੱਟ ਕਰ ਦਿੱਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਘੱਟ ਰੇਟ ਉੱਤੇ ਹੋਟਲ ਰੂਮ ਮਿਲ ਸਕਣਗੇ। ਵੇਅਰਹਾਊਸਿੰਗ ਉੱਤੇ ਕੇਂਦਰ ਸਰਕਾਰ ਨੇ ਜੀ ਐੱਸ ਟੀ ਵਿਚ ਛੋਟ ਦਾ ਐਲਾਨ ਕੀਤਾ ਹੈ ਅਤੇ 1500 ਸੀ ਸੀ ਡੀਜ਼ਲ ਅਤੇ 1200 ਸੀ ਸੀ ਪੈਟਰੋਲ ਵਾਲੀਆਂ ਗੱਡੀਆਂ ਉੱਤੇ 12 ਫ਼ੀਸਦੀ ਸੈੱਸ ਘੱਟ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦੌਰਾਨ ਪੀਣ ਵਾਲੇ ਪਦਾਰਥ ਕੈਫੀਨੇਟੇਡ ਉੱਤੇ ਜੀ ਐੱਸ ਟੀ 18 ਫੀਸਦੀ ਤੋਂ ਵਧਾ ਕੇ 28 ਫੀਸਦੀ ਕਰ ਦਿੱਤੀ ਗਈ ਹੈ।

ਸਮਝਿਆ ਜਾਂਦਾ ਹੈ ਕਿ ਦੇਸ਼ ਵਿੱਚ ਆਰਥਿਕ ਮੰਦਵਾੜੇ ਦੀ ਚਰਚਾ ਦਾ ਅਸਰ ਘਟਾਉਣ ਲਈ ਸਰਕਾਰ ਨੇ ਏਦਾਂ ਦੇ ਕੁਝ ਕਦਮ ਚੁੱਕੇ ਹਨ, ਜਿਸ ਨਾਲ ਸ਼ੇਅਰ ਬਾਜ਼ਾਰ ਵਿੱਚ ਅਚਾਨਕ ਉਛਾਲ ਵੀ ਆਇਆ ਹੈ।

# ਸੌਰਵ ਗਿੱਲ ਦੀ ਰੇਸਿੰਗ ਕਾਰ ਨੂੰ ਹਾਦਸੇ ਪਿੱਛੋਂ ਚੈਂਪੀਅਨਸ਼ਿਪ ਰੱਦ

ਬਾੜਮੇਰ (ਰਾਜਸਥਾਨ), 22 ਸਤੰਬਰ (ਪੋਸਟ ਬਿਊਰੋ)- ਅਰਜੁਨ ਪੁਰਸਕਾਰ ਜੇਤੂ ਡਰਾਈਵਰ ਗੌਰਵ ਗਿੱਲ ਦੀ ਕਾਰ ਕੱਲ੍ਹ ਕੌਮੀ ਰੈਲੀ ਚੈਂਪੀਅਨਸ਼ਿਪ ਦੀ ਰੇਸ ਦੌਰਾਨ ਟਰੈਕ 'ਤੇ ਆਈ ਇੱਕ ਮੋਟਰ ਸਾਈਕਲ ਨਾਲ ਟਕਰਾ ਗਈ, ਜਿਸ ਵਿੱਚ ਇੱਕ ਬੱਚੇ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ।

ਵਰਨਣ ਯੋਗ ਹੈ ਕਿ ਸੌਰਵ ਗਿੱਲ ਪਿੱਛੇ ਜਿਹੇ ਅਰਜੁਨ ਪੁਰਸਕਾਰ ਜਿੱਤਣ ਵਾਲਾ ਪਹਿਲਾ ਰੈਲੀ ਮੋਟਰ-ਸਪੋਰਟ ਡਰਾਈਵਰ ਬਣਿਆ ਹੈ। ਹਾਦਸੇ ਵਿੱਚ ਉਸ ਦੇ ਵੀ ਸੱਟਾਂ ਲੱਗੀਆਂ ਹਨ ਅਤੇ ਉਹ ਹਸਪਤਾਲ ਵਿੱਚ ਹੈ। ਇਹ ਹਾਦਸਾ ਐੱਫ ਐੱਮ ਐੱਸ ਸੀ ਆਈ ਇੰਡੀਅਨ ਰੈਲੀ ਚੈਂਪੀਅਨਸ਼ਿਪ 2019 ਦੇ ਤੀਜੇ ਗੇੜ ਦੌਰਾਨ ਵਾਪਰਿਆ। ਇਸ ਦਾ ਨਾਂਅ ਮੈਕਸਪੀਰੀਅੰਸ ਰੈਲੀ ਰੱਖਿਆ ਗਿਆ ਸੀ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਰੇਸਿੰਗ ਮੁਕਾਬਲੇ ਵਿੱਚ ਸ਼ਾਮਲ ਇੱਕ ਕਾਰ ਨੇ ਹੋਤਰੜਾ ਪਿੰਡ ਕੋਲ ਟਰੈਕ ਉੱਤੇ ਸਾਹਮਣੇ ਤੋਂ ਆਈ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ, ਜੋ ਪਾਬੰਦੀ ਸ਼ੁਦਾ ਖੇਤਰ ਵਿੱਚ ਦਾਖਲ ਹੋ ਗਈ ਸੀ। ਤਹਿਸੀਲਦਾਰ ਰਾਕੇਸ਼ ਜੈਨ ਨੇ ਦੱਸਿਆ ਕਿ ਹਾਦਸੇ ਵਿੱਚ ਨਰਿੰਦਰ (ਪੁੱਤਰ ਨੇਮਰਾਮ), ਉਸ ਦੀ ਪਤਨੀ ਪੁਸ਼ਪਾ ਅਤੇ ਉਸ ਦੇ ਪੁੱਤਰ ਜਤਿੰਦਰ ਦੀ ਮੌਕੇ 'ਤੇ ਮੌਤ ਹੋ ਗਈ। ਰੇਸਿੰਗ ਟਰੈਕ 'ਤੇ ਵਾਪਰੀ ਇਸ ਮੰਦਭਾਗੀ ਘਟਨਾ ਮਗਰੋਂ ਇਸ ਰੈਲੀ ਨੂੰ ਰੱਦ ਕਰ ਦਿੱਤਾ ਗਿਆ। ਰੈਲੀ ਦੇ ਸਥਾਨਕ ਪ੍ਰਬੰਧਕ ਅਰਵਿੰਦ ਬਾਲਨ ਨੇ ਕਿਹਾ ਕਿ ਰੈਲੀ ਵਿੱਚ ਸ਼ਾਮਲ ਇੱਕ ਕਾਰ ਦੀ ਮੋਟਰ ਸਾਈਕਲ 'ਤੇ ਸਵਾਰ ਤਿੰਨ ਜਣਿਆਂ ਨੂੰ ਟੱਕਰ ਦੀ ਘਟਨਾ ਮਗਰੋਂ ਇੰਡੀਅਨ ਰੈਲੀ ਚੈਂਪੀਅਨਸ਼ਿਪ ਦੇ ਤੀਜੇ ਗੇੜ ਨੂੰ ਰੱਦ ਕਰ ਦਿੱਤਾ ਗਿਆ।

# ਫੇਕ ਨਿਊਜ਼ ਨੁਕਸਾਨ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ ਕੰਪਨੀਆਂ ਦੀ : ਕੋਰਟ



ਚੇਨਈ, 22 ਸਤੰਬਰ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਆਪਣੇ ਪਲੇਟਫਾਰਮ ਤੋਂ ਚੱਲੀ ਫੇਕ ਨਿਊਜ਼ ਜਾਂ ਅਫਵਾਹਾਂ ਦੇ ਨਾਲ ਸਮਾਜ ਨੂੰ ਹੋਣ ਵਾਲੇ ਨੁਕਸਾਨ ਦੇ ਸੰਦਰਭ ਵਿੱਚ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀਆਂ। ਇਨ੍ਹਾਂ ਕੰਪਨੀਆਂ ਨੂੰ ਯੂਜ਼ਰਜ਼ ਵੱਲੋਂ ਉਨ੍ਹਾਂ ਦੇ ਮੰਚ ਦੀ ਦੁਰਵਰਤੋਂ ਕਰਨ ਦੇ ਲਈ ਜ਼ਿੰਮੇਵਾਰੀ ਠਹਿਰਾਇਆ ਜਾਣਾ ਚਾਹੀਦਾ ਹੈ।

ਯੂਜ਼ਰਜ਼ ਜਿਹੜੇ ਕੰਟੈਂਟ ਸ਼ੇਅਰ ਕਰਦੇ ਹਨ ਉਸ ਦੇ ਲਈ ਸੋਸ਼ਲ ਮੀਡੀਆ ਪਲੇਟਫਾਰਮ ਦੀ ਜਵਾਬਦੇਹੀ ਤੈਅ ਕੀਤੇ ਜਾਣ ਦੇ ਮਹੱਤਵ ਉਤੇ ਜ਼ੋਰ ਦਿੰਦੇ ਹੋਏ ਹਾਈ ਕੋਰਟ ਨੇ ਕਿਹਾ ਹੈ ਕਿ ਫੇਕ ਨਿਊਜ਼, ਗਲਤ ਸੂਚਨਾ ਅਤੇ ਨਫਰਤ ਵਧਾਉਣ ਵਾਲੀਆਂ ਗੱਲਾਂ ਸੈਂਕੜੇ ਲੋਕਾਂ ਤੱਕ ਪਹੁੰਚਦੀਆਂ ਹਨ। ਇਨ੍ਹਾਂ ਦਾ ਮਨੋਵਿਗਿਆਨਕ ਅਸਰ ਹੁੰਦਾ ਹੈ ਅਤੇ ਇਨ੍ਹਾਂ ਨਾਲ ਕੁੱਲ ਮਿਲਾ ਕੇ ਪ੍ਰੇਸ਼ਾਨੀ ਪੈਦਾ ਹੁੰਦੀ ਅਤੇ ਕਾਨੂੰਨ ਤੇ ਵਿਵਸਥਾ ਪ੍ਰਭਾਵਤ ਹੁੰਦੀ ਹੈ। ਇਸ ਨੁਕਸਾਨ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ। ਇਹ ਜ਼ਿੰਮੇਵਾਰੀ ਸੋਸ਼ਲ ਮੀਡੀਆ ਪਲੇਟਫਾਰਮ ਦੀ ਹੋਵੇਗੀ ਕਿ ਉਹ ਆਪਣਾ ਦੁਰ-ਉਪਯੋਗ ਨਾ ਹੋਣ ਦੇਣ। ਜਸਟਿਸ ਐੱਮ ਸਤਿਆਨਾਰਾਇਣ ਅਤੇ ਐੱਨ ਸੇਸ਼ਸਾਈ ਨੇ ਉਪਰੋਕਤ ਟਿੱਪਣੀਆਂ ਕੱਲ੍ਹ ਐਂਟੀ ਕਲੇਮੈਂਟ ਰੂਬਿਨ ਦੀ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਕੀਤੀਆਂ।

# ਭਾਰਤ ਵਿੱਚ 64 ਸੀਟਾਂ ਉੱਤੇ 21 ਅਕਤੂਬਰ ਨੂੰ ਹੀ ਉਪ ਚੋਣ

ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਾਲ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਦੇਸ਼ ਦੇ ਵੱਖ ਵੱਖ ਰਾਜਾਂ ਦੀਆਂ ਖਾਲੀ ਹੋਈਆਂ 63 ਵਿਧਾਨ ਸਭਾ ਤੇ ਲੋਕ ਸਭਾ ਦੀ ਇੱਕ ਸੀਟ ਉੱਤੇ ਉਪ ਚੋਣ ਕਰਾਉਣ ਦਾ ਵੀ ਐਲਾਨ ਕਰ ਦਿੱਤਾ ਹੈ। ਇਨ੍ਹਾਂ ਦੇ ਵਿੱਚ ਉਤਰ ਪ੍ਰਦੇਸ਼ਾਂ ਦੀਆਂ 11 ਵਿਧਾਨ ਸਭਾ ਸੀਟਾਂ ਦੀ ਉਪ ਚੋਣ ਵੀ ਸ਼ਾਮਲ ਹੈ। ਇਨ੍ਹਾਂ ਸਾਰੀਆਂ ਸੀਟਾਂ 'ਤੇ ਉਪ ਚੋਣ 21 ਅਕਤੂਬਰ ਨੂੰ ਕਰਵਾਈਆਂ ਜਾਣਗੀਆਂ, ਜਦ ਕਿ ਚੋਣ ਨਤੀਜੇ 24 ਅਕਤੂਬਰ ਨੂੰ ਆਉਣਗੇ।

ਚੋਣ ਕਮਿਸ਼ਨ ਦੇ ਮੁਤਾਬਕ 21 ਅਕਤੂਬਰ ਨੂੰ ਬਿਹਾਰ ਦੀਆਂ ਪੰਜ ਵਿਧਾਨ ਸਭਾ ਅਤੇ ਇੱਕ ਲੋਕ ਸਭਾ ਸੀਟ ਸਮਸਤੀਪੁਰ 'ਤੇ ਉਪ ਚੋਣ ਹੋਵੇਗੀ। ਸਮਸਤੀਪੁਰ ਵਾਲੀ ਸੀਟ ਕੇਂਦਰੀ ਮੰਤਰੀ ਅਤੇ ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਰਾਮਵਿਲਾਸ ਪਾਸਵਾਨ ਦੇ ਪਾਰਲੀਮੈਂਟ ਮੈਂਬਰ ਭਰਾ ਰਾਮਚੰਦਰ ਪਾਸਵਾਨ ਦੇ ਦਿਹਾਂਤ ਦੇ ਬਾਅਦ ਖਾਲੀ ਹੋਈ ਹੈ। ਇਸ ਦੇ ਇਲਾਵਾ ਅਸਾਮ ਦੀਆਂ ਚਾਰ, ਕਰਨ-ਾਟਕ ਦੀਆਂ 15, ਕੇਰਲ ਦੀਆਂ ਪੰਜ, ਮੱਧ ਪ੍ਰਦੇਸ਼ ਦੀ ਇੱਕ, ਮੇਘਾਲਿਆ ਦੀ ਇੱਕ, ਉੜੀਸਾ ਦੀ ਇੱਕ, ਮੇਘਾਲਿਆ ਦੀ ਇੱਕ, ਪੰਜਾਬ ਦੀਆਂ ਚਾਰ, ਰਾਜਸਥਾਨ ਦੀਆਂ ਦੋ, ਸਿੱਕਮ ਦੀਆਂ ਦੋ, ਤਾਮਿਲ ਨਾਡੂ ਦੀਆਂ ਦੋ, ਤੇਲੰਗਾਨਾ ਦੀ ਇੱਕ, ਉੱਤਰ ਪ੍ਰਦੇਸ਼ ਦੀਆਂ 11, ਛੱਸੀਤਗੜ੍ਹ ਦੀ ਇੱਕ, ਗੁਜਰਾਤ ਦੀਆਂ ਚਾਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਦੋ ਵਿਧਾਨ ਸਭਾ ਸੀਟਾਂ 'ਤੇ ਚੋਣਾਂ ਹੋਣਗੀਆਂ। ਉੱਤਰ ਪ੍ਰਦੇਸ਼ ਦੀਆਂ 11 ਵਿਧਾਨ ਸਭਾ ਸੀਟਾਂ 'ਤੇ ਚੋਣਾਂ ਓਦੋਂ ਹੋ ਰਹੀਆਂ ਹਨ, ਜਦ ਯੋਗੀ ਸਰਕਾਰ ਦੇ ਢਾਈ ਸਾਲ ਪੂਰੇ ਹੋ ਗਏ ਹਨ। ਇਨ੍ਹਾਂ ਉਪ ਚੋਣਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਮੰਨਿਆ ਜਾ ਰਿਹਾ ਹੈ। ਕਰਨਾਟਕ ਵਿੱਚ ਇੱਕ ਵਾਰ ਫਿਰ ਵਿਧਾਨ ਸਭਾ ਦੀ ਵੱਡੀ ਲੜਾਈ ਹੋਣ ਜਾ ਰਹੀ ਹੈ। ਸੂਬੇ ਦੀਆਂ 15 ਵਿਧਾਨ ਸਭਾ ਸੀਟਾਂ 'ਤੇ ਉਪ ਚੋਣ ਦੇ ਬਾਅਦ ਆਉਣ ਵਾਲੇ ਚੋਣ ਨਤੀਜਿਆਂ 'ਤੇ ਨਜ਼ਰ ਹੋਵੇਗੀ, ਕਿਉਂਕਿ ਸੂਬੇ ਵਿੱਚ ਸਰਕਾਰ ਚਲਾ ਰਹੀ ਭਾਜਪਾ ਕੋਲ ਫਿਲਹਾਲ ਬਹੁਤ ਸੀਮਿਤ ਬਹੁਮਤ ਹੈ ਤੇ ਆਪੋਜ਼ੀਸ਼ਨ ਵਿੱਚ ਬੈਠੀ ਕਾਂਗਰਸ ਅਤੇ ਜਨਤਾ ਦਲ ਸੈਕੂਲਰ (ਜਨਤਾ ਦਲ ਐੱਸ) ਦੀਆਂ ਕੁੱਲ ਸੀਟਾਂ ਵੀ ਬਹੁਮਤ ਤੋਂ ਖਾਸ ਦੂਰ ਨਹੀਂ ਹਨ। ਅਜਿਹੇ ਵਿੱਚ ਜੇ ਕਾਂਗਰਸ ਅਤੇ ਜਨਤਾ ਦਲ (ਐਸ) ਉਪ ਚੋਣ ਜਿੱਤਦੇ ਹਨ, ਤਾਂ ਉਨ੍ਹਾਂ ਨੂੰ ਫਿਰ ਤੋਂ ਸਰਕਾਰ ਬਣਾਉਣ ਦਾ ਮੌਕਾ ਮਿਲ ਸਕਦਾ ਹੈ। ਮਹਾਰਾਸ਼ਟਰ ਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਬਾਰੇ ਚਿੰਤਤ ਭਾਜਪਾ 29 ਜਾਂ 30 ਸਤੰਬਰ ਨੂੰ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਸਕਦੀ ਹੈ। ਇੱਕ ਹਫਤੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਦੌਰੇ 'ਤੇ ਹਨ ਤੇ 29 ਸਤੰਬਰ ਨੂੰ ਵਾਪਸ ਪਰਤਣਗੇ। ਇਸ ਦੇ ਬਾਅਦ ਪਾਰਲੀਮੈਂਟਰੀ ਬੋਰਡ ਦੀ ਬੈਠਕ ਵਿੱਚ ਉਮੀਦਵਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੱਤਾ ਜਾਏਗਾ।

## ਬ੍ਰਿਟਿਸ਼ ਪਾਰਲੀਮੈਂਟ ਨੂੰ ਸਸਪੈਂਡ ਕਰਨ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਅਗਲੇ ਹਫਤੇ

ਲੰਡਨ, 22 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਪਾਰਲੀਮੈਂਟ ਨੂੰ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਵੱਲੋਂ ਸਸਪੈਂਡ ਕਰਵਾਏ ਵਿਰੁੱਧ ਭਾਰਤੀ ਮੂਲ ਦੀ ਮੁਹਿੰਮਕਾਰ ਗਿਨੀ ਮਿਲਰ ਨੇ ਅਦਾਲਤ 'ਚ ਚੁਣੌਤੀ ਦਿੱਤੀ ਹੈ। ਇਸ ਬਾਰੇ ਸੁਪਰੀਮ ਕੋਰਟ ਨੇ ਕੱਲ੍ਹ ਸੁਣਵਾਈ ਤੋਂ ਬਾਅਦ ਕਿਹਾ ਹੈ ਕਿ ਇਸ ਦਾ ਫੈਸਲਾ ਅਗਲੇ ਹਫਤੇ ਸੁਣਾਇਆ ਜਾਵੇਗਾ।

ਤਿੰਨ ਘੰਟੇ ਚੱਲੀ ਇਸ ਸੁਣਵਾਈ ਤੋਂ ਬਾਅਦ ਜਸਟਿਸ ਬ੍ਰੇਂਡ ਹੇਲ ਨੇ ਕਿਹਾ ਕਿ ਇਸ ਕੇਸ ਦਾ ਹੱਲ ਜਲਦੀ ਹੋਣਾ ਚਾਹੀਦਾ ਹੈ ਅਤੇ ਆਸ ਹੈ ਕਿ ਇਸ ਬਾਰੇ ਫੈਸਲਾ ਅਗਲੇ ਹਫਤੇ ਦੇ ਸ਼ੁਰੂ 'ਚ ਸੁਣਾਇਆ ਜਾਵੇਗਾ। ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਸਤੰਬਰ ਵਿੱਚ ਪੰਜ ਹਫਤਿਆਂ ਲਈ ਪਾਰਲੀਮੈਂਟ ਨੂੰ ਸਸਪੈਂਡ ਕੀਤਾ ਗਿਆ ਸੀ, ਜੋ 14 ਅਕਤੂਬਰ ਨੂੰ ਮਹਾਰਾਣੀ ਐਲਿਜ਼ਾਬੈਥ ਦੇ ਭਾਸ਼ਣ ਨਾਲ ਖੁੱਲ੍ਹੇਗੀ, ਜਦ ਕਿ 31 ਅਕਤੂਬਰ ਨੂੰ ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਵੱਖਰੇ ਹੋਣ ਦੀ ਤਾਰੀਕ ਤੈਅ ਹੈ, ਇਸ ਲਈ ਪਾਰਲੀਮੈਂਟ ਨੂੰ ਸਸਪੈਂਡ ਕਰਨਾ ਸਿਆਸੀ ਕਾਰਨ ਮੰਨਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਜੌਨਸ ਇਸ ਨੂੰ ਆਮ ਕਿਰਿਆ ਕਹਿ ਰਹੇ ਹਨ। ਉਨ੍ਹਾਂ ਉੱਤੇ ਇਹ ਵੀ ਦੋਸ਼ ਲੱਗਦੇ ਹਨ ਕਿ ਉਨ੍ਹਾਂ ਇਸ ਮਾਮਲੇ 'ਚ ਮਹਾਰਾਣੀ ਐਲਿਜ਼ਾਬੈਥ ਨੂੰ ਝੂਠ ਬੋਲਿਆ ਹੈ, ਪਰ ਜੌਨਸਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। ਪ੍ਰਧਾਨ ਮੰਤਰੀ ਬੌਰਿਸ ਜੌਨਸਨ ਦੇ ਪਾਰਲੀਮੈਂਟ ਨੂੰ ਸਸਪੈਂਡ ਕਰਨ ਦੇ ਵਿਰੋਧ 'ਚ ਸਾਬਕਾ ਪ੍ਰਧਾਨ ਮੰਤਰੀ ਜੌਹਨ ਮੇਜਰ ਵੀ ਕਾਨੂੰਨੀ ਕਾਰਵਾਈ ਦਾ ਸਾਥ ਦੇ ਰਹੇ ਹਨ। ਸੁਪਰੀਮ ਕੋਰਟ ਦੇ 11 ਜੱਜਾਂ ਸਾਹਮਣੇ ਤਿੰਨ ਦਿਨ ਚੱਲੀ ਇਸ ਸੁਣਵਾਈ ਦਾ ਸਿੱਧਾ ਟੈਲੀਕਾਸਟ ਕੀਤਾ ਗਿਆ। ਅੱਗੋਂ ਵੇਖਣਾ ਇਹ ਹੈ ਕਿ ਜੇ ਸੁਪਰੀਮ ਕੋਰਟ ਸਰਕਾਰ ਦੇ ਖਿਲਾਫ ਫੈਸਲਾ ਦੇ ਦਿੰਦੀ ਹੈ ਤਾਂ ਕੀ ਸੰਸਦ ਨੂੰ ਮੁੜ ਖੋਲ੍ਹਿਆ ਜਾਵੇਗਾ ਅਤੇ ਇਸ ਲਈ ਕੀ ਵਿਧੀ ਹੋਵੇਗੀ।

## ਫਰਾਂਸ ਵਿੱਚ ਸਰਕਾਰ ਵਿਰੋਧੀ ਮੁਜ਼ਾਹਰਾਕਾਰੀ ਫਿਰ ਬਾਜ਼ਾਰਾਂ ਵਿੱਚ ਆਣ ਨਿਕਲੇ

### * ਰੋਸ ਕਰਦੇ ਲੋਕਾਂ ਉੱਤੇ ਅੱਥਰੂ ਗੈਸ ਦੇ ਗੋਲ਼ੇ ਚੱਲੇ

ਪੈਰਿਸ, 22 ਸਤੰਬਰ, (ਪੋਸਟ ਬਿਊਰੋ)- ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੀਆਂ ਆਰਥਿਕ ਨੀਤੀਆਂ ਦੇ ਵਿਰੁੱਧ ਸ਼ਨਿਚਰਵਾਰ ਨੂੰ ਸੜਕਾਂ ਉੱਤੇ ਆਏ ਲੋਕਾਂ ਉੱਤੇ ਪੁਲਿਸ ਨੇ ਅੱਥਰੂ ਗੈਸ ਦੇ ਗੋਲ਼ੇ ਦਾਗੇ। ਇਹ ਲੋਕ ਪਿਛਲੇ ਸਾਲ ਸ਼ੁਰੂ ਹੋਏ ਯੈਲੋ ਵੈਸਟ ਅੰਦੋਲਨ ਨੂੰ ਫਿਰ ਚਾਲੂ ਕਰਨ ਲਈ ਇਕੱਠੇ ਹੋਏ ਸਨ, ਪਰ ਇਸ ਵਾਰ ਉਨ੍ਹਾਂ ਨੇ ਇਸ ਅੰਦੋਲਨ ਦੀ ਪਛਾਣ ਬਣ ਚੁੱਕੀ ਪੀਲੀ ਜੈਕੇਟ (ਯੈਲੋ ਵੈੱਸਟ) ਨਹੀਂ ਪਹਿਨੀ ਸੀ। ਵਰਨਣ



ਯੋਗ ਹੈ ਕਿ ਕਰੀਬ 10 ਮਹੀਨੇ ਪਹਿਲਾਂ ਸ਼ੁਰੂ ਹੋਇਆ ਇਹ ਅੰਦੋਲਨ ਇਸ ਸਾਲ ਦੀਆਂ ਗਰਮੀਆਂ ਵਿੱਚ ਲਗਪਗ ਖ਼ਤਮ ਹੋ ਗਿਆ ਸੀ। ਯੈਲੋ ਵੈਸਟ ਅੰਦੋਲਨ ਦੇ ਸਮਰਥਕ, ਵਾਤਾਵਰਨ ਵਰਕਰ ਤੇ ਖੱਬੇ ਪੱਖੀ ਮਜ਼ਦੂਰ ਸੰਗਠਨਾਂ ਨੇ ਪਹਿਲਾਂ ਵੀ ਕਈ ਵਾਰ ਅੰਦੋਲਨ ਨੂੰ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਸ਼ਨਿਚਰਵਾਰ ਨੂੰ ਮੁਜ਼ਾਹਰਾ ਕਰਦੇ ਲੋਕਾਂ ਦਾ ਮਾਰਚ ਸ਼ੁਰੂ ਹੁੰਦੇ ਸਾਰ ਪੈਰਿਸ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ। ਸਰਕਾਰ ਨੇ ਸਥਿਤੀ ਨੂੰ ਕਾਬੂ ਰੱਖਣ ਲਈ ਰਾਜਧਾਨੀ ਪੈਰਿਸ ਵਿੱਚ ਸੱਤ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਤਾਇਨਾਤ ਕਰ ਦਿੱਤਾ ਸੀ ਤੇ ਰਾਸ਼ਟਰਪਤੀ ਭਵਨ ਤੇ ਪਾਰਲੀਮੈਂਟ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਮੁਜ਼ਾਹਰੇ ਉੱਤੇ ਪਾਬੰਦੀ ਲਾਈ ਗਈ ਸੀ।

## ਨਰਿੰਦਰ ਮੋਦੀ ਨੂੰ ਐਵਾਰਡ ਦੇਣ ਦਾ 3 ਨੋਬੇਲ ਐਵਾਰਡ ਜੇਤੂਆਂ ਵੱਲੋਂ ਵਿਰੋਧ

ਵਾਸ਼ਿੰਗਟਨ, 22 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਸਮਾਗਮ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤੇ ਜਾਣ ਵਾਲੇ ਇੱਕ ਐਵਾਰਡ ਦਾ ਤਿੰਨ ਨੋਬੇਲ ਐਵਾਰਡੀਆਂ ਨੇ ਵਿਰੋਧ ਕੀਤਾ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਇਸ ਵੇਲੇ ਅਮਰੀਕਾ ਗਏ ਹੋਏ ਹਨ ਅਤੇ ਗੇਟਸ ਫਾਊਂਡੇਸ਼ਨ ਨੇ ਉਨ੍ਹਾਂ ਨੂੰ 24 ਸਤੰਬਰ ਨੂੰ 'ਗਲੋਬਲ ਗੋਲਕੀਪਰ ਐਵਾਰਡ ਨਾਲ' ਸਨਮਾਨਿਤ ਕਰਨਾ ਹੈ। ਇਸ ਤੋਂ ਪਹਿਲਾਂ 3 ਨੋਬੇਲ ਐਵਾਰਡ ਜੇਤੂਆਂ ਨੇ ਮੋਦੀ ਵਿਰੁੱਧ ਗੇਟਸ ਫਾਊਂਡੇਸ਼ਨ ਨੂੰ ਚਿੱਠੀ ਲਿਖ ਕੇ ਸਨਮਾਨ ਨਾ ਦੇਣ ਦੀ ਅਪੀਲ ਕੀਤੀ ਅਤੇ ਸਾਂਝੀ ਚਿੱਠੀ ਵਿੱਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿੱਚ ਭਾਰਤ ਖਤਰਨਾਕ ਤੇ ਬੇਹੱਦ ਅਰਾਜਕ ਮਾਹੌਲ ਵਿੱਚ ਬਦਲਦਾ ਜਾਂਦਾ ਹੈ, ਜਿਸ ਨੇ ਲਗਾਤਾਰ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰ ਨੂੰ ਕਮਜ਼ੋਰ ਕੀਤਾ ਹੈ। ਚਿੱਠੀ ਲਿਖਣ ਵਾਲੇ 3 ਨੋਬੇਲ ਐਵਾਰਡੀਆਂ ਵਿੱਚ ਪ੍ਰਮੁੱਖ ਨਾਂਅ ਸ਼ਿਰੀਨ ਏਬਾਦੀ ਹੈ, ਉਨ੍ਹਾ ਨੂੰ ਸਾਲ 2003 ਦੀ ਨੋਬੇਲ ਸ਼ਾਂਤੀ ਐਵਾਰਡ ਮਿਲਿਆ ਹੈ। ਉਨ੍ਹਾਂ ਤੋਂ ਇਲਾਵਾ ਸਾਲ 2011 ਵਿੱਚ ਨੋਬੇਲ ਸ਼ਾਂਤੀ ਐਵਾਰਡ ਜੇਤੂ ਤਵਾਕੁਲ ਅਬਦੀਲ ਸਲਾਮ ਕਾਮਰਾਨ ਤੇ 1976 ਦੇ ਨੋਬੇਲ ਐਵਾਰਡ ਜੇਤੂ ਮੈਰੀਅਡ ਮੈਗੂਅਰ ਹਨ।

ਗੇਟਸ ਫਾਊਂਡੇਸ਼ਨ ਨੂੰ ਲਿਖੀ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਅਸੀਂ ਲੰਬੇ ਸਮੇਂ ਤੋਂ ਦੁਨੀਆ ਭਰ ਵਿੱਚ ਬਿੱਲ ਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਦੇ ਬੇਹੱਦ ਸ਼ਾਨਦਾਰ ਕੰਮਾਂ ਦੇ ਪ੍ਰਸ਼ੰਸਕ ਹਾਂ। ਜਿਸ ਤਰ੍ਹਾਂ ਨਾਲ ਤੁਸੀਂ ਭਲੇ ਦੇ ਕੰਮ ਕਰਦੇ ਹੋ, ਉਹ ਬਿਹਤਰ ਜ਼ਿੰਦਗੀ ਦਾ ਰਸਤਾ ਤੈਅ ਕਰਦਾ ਹੈ। ਉਨ੍ਹਾ ਲਿਖਿਆ ਕਿ ਅਸੀਂ ਮਹਾਤਮਾ ਗਾਂਧੀ ਅਤੇ ਉਨ੍ਹਾਂ ਵੱਲੋਂ ਬਣਾਏ ਰਾਸ਼ਟਰੀ ਸਨਮਾਨ ਅਤੇ ਸਮਾਨਤਾ



ਦੇ ਵੀ ਪ੍ਰਸ਼ੰਸਕ ਹਾਂ, ਅਸਲ ਵਿੱਚ ਗਾਂਧੀ ਦੇ ਵਿਚਾਰ ਤੁਹਾਡੇ ਸੰਗਠਨ ਵਿੱਚ ਲਾਗੂ ਹੁੰਦੇ ਹਨ, ਕਿਉਂਕਿ ਤੁਹਾਡੀ ਵੈੱਬਸਾਈਟ ਉੱਤੇ ਪਹਿਲਾ ਸੰਦੇਸ਼ ਹੈ ਕਿ 'ਹਰ ਜੀਵਨ ਦਾ ਬਰਾਬਰ ਮੁੱਲ ਹੈ।' ਉਨ੍ਹਾਂ ਲਿਖਿਆ ਹੈ ਕਿ ਸਾਨੂੰ ਉਦੋਂ ਬੇਹੱਦ ਨਿਰਾਸ਼ਾ ਹੋਈ, ਜਦ ਬਿਲ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਇਸ ਮਹੀਨੇ ਦੇ ਆਖਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਐਵਾਰਡ ਨਾਲ ਸਨਮਾਨਤ ਕਰਨ ਲੱਗੇ ਹਨ। ਪ੍ਰਧਾਨ ਮੰਤਰੀ ਮੋਦੀ ਦੇ ਰਾਜ ਵਿੱਚ ਭਾਰਤ ਵਿੱਚ ਲੋਕਤੰਤਰ ਅਤੇ ਮਨੁੱਖੀ ਅਧਿਕਾਰ ਦੋਵੇਂ ਕਮਜ਼ੋਰ ਹੋਏ ਹਨ। ਇਹ ਸਾਨੂੰ ਵਿਸ਼ੇਸ਼ ਰੂਪ ਤੋਂ ਪਰੇਸ਼ਾਨ ਕਰਦਾ ਹੈ ਕਿ ਤੁਹਾਡੀ ਫਾਊਂਡੇਸ਼ਨ ਦਾ ਮਿਸ਼ਨ 'ਜ਼ਿੰਦਗੀ ਨੂੰ ਸੁਰੱਖਿਅਤ ਕਰਨਾ ਤੇ ਅਸਮਾਨਤਾ ਨਾਲ ਲੜਨਾ' ਹੈ। ਉਨ੍ਹਾਂ ਲਿਖਿਆ ਹੈ ਕਿ ਘੱਟ ਗਿਣਤੀਆਂ ਖਾਸ ਕਰਕੇ ਦਲਿਤਾਂ, ਈਸਾਈਆਂ ਅਤੇ ਮੁਸਲਿਮਾਂ ਉੱਤੇ ਹਮਲੇ ਵਧੇ ਹਨ। ਸਾਲ 2014 ਵਿੱਚ ਜਦ ਭਾਰਤ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਸੱਤਾ ਵਿੱਚ ਆਈ, ਉਦੋਂ ਤੋਂ ਜਥੇਬੰਦਾਂ ਭੀੜਾਂ ਵੱਲੋਂ ਹਿੰਸਕ ਘਟਨਾਵਾਂ ਵਧਣ ਨੇ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕੀਤਾ ਹੈ।

ਨੋਬੇਲ ਐਵਾਰਡ ਜੇਤੂਆਂ ਨੇ ਭਾਰਤ ਦੇ ਅੰਦਰੂਨੀ ਹਾਲਾਤ ਬਾਰੇ ਲਿਖਿਆ ਹੈ ਕਿ ਅਸਾਮ ਤੇ ਕਸ਼ਮੀਰ ਦੀ ਸਥਿਤੀ ਗੰਭੀਰ ਚਿੰਤਾ ਵਾਲੀ ਹੈ। ਅਸਾਮ ਵਿੱਚ 19 ਲੱਖ ਭਾਰਤੀਆਂ ਦੀ ਨਾਗਰਿਕਤਾ ਖੋਹ ਲਈ ਗਈ ਤੇ ਕਸ਼ਮੀਰ ਵਿੱਚ 8 ਲੱਖ ਭਾਰਤੀ ਸੁਰੱਖਿਆ ਬਲ ਤੈਨਾਤ ਕੀਤੇ ਗਏ ਤੇ ਪਿਛਲੇ ਮਹੀਨੇ ਤੋਂ 80 ਲੱਖ ਕਸ਼ਮੀਰੀਆਂ ਨੂੰ ਫੋਨ ਤੇ ਇੰਟਰਨੈੱਟ ਸੇਵਾ ਤੋਂ ਵਾਂਝਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਚਿੱਠੀ ਵਿੱਚ ਲਿਖਿਆ ਹੈ ਕਿ ਭਾਰਤ ਦੇ ਅੰਦਰ ਤੇ ਬਾਹਰ ਦੇ ਵਿਦਵਾਨਾਂ ਨੇ ਅਜੇ ਵੀ ਨਰਿੰਦਰ ਮੋਦੀ ਨੂੰ ਗੁਜਰਾਤ ਦੀ 2002 ਹਿੰਸਾ ਦੇ ਦੋਸ਼ ਤੋਂ ਮੁਕਤ ਨਹੀਂ ਕੀਤਾ, ਜਿਸ ਲਈ ਮੋਦੀ ਦੇ ਅਮਰੀਕਾ, ਬ੍ਰਿਟੇਨ ਤੇ ਕੈਨੇਡਾ ਵਿੱਚ ਆਉਣ ਉੱਤੇ 10 ਸਾਲ ਦੀ ਪਾਬੰਦੀ ਲਾਈ ਗਈ ਸੀ, ਜਦ ਤੱਕ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋਂ ਕੂਟਨੀਤਕ ਛੋਟ ਹਾਸਲ ਨਹੀਂ ਹੋ ਗਈ। ਉਨ੍ਹਾਂ ਲਿਖਿਆ ਕਿ ਤੁਹਾਡੇ ਫਾਊਂਡੇਸ਼ਨ ਸਾਹਮਣੇ ਦ੍ਰਿਸ਼ਟੀਕੋਣ ਅਤੇ ਟੀਚਿਆਂ ਨੂੰ ਦੇਖਦੇ ਹੋਏ ਅਸੀਂ ਸਨਮਾਨ ਨਾਲ ਪੁੱਛਦੇ ਹਾਂ ਕਿ ਤੁਸੀਂ ਪ੍ਰਧਾਨ ਮੰਤਰੀ ਮੋਦੀ ਤੋਂ ਆਪਣਾ ਐਵਾਰਡ ਵਾਪਸ ਲੈ ਰਹੇ ਹੋ। ਏਦਾਂ ਕਰਨ ਨਾਲ ਇਕ ਸਪੱਸ਼ਟ ਤੇ ਸ਼ਕਤੀਸ਼ਾਲੀ ਸੰਦੇਸ਼ ਜਾਵੇਗਾ ਕਿ ਬਿਲ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਸਮਾਨਤਾ, ਨਿਆਂ ਅਤੇ ਸਭ ਲਈ ਮਨੁੱਖੀ ਅਧਿਕਾਰਾਂ ਦੇ ਆਪਣੇ ਟੀਚੇ ਨੂੰ ਗੰਭੀਰਤਾ ਨਾਲ ਲੈਂਦੀ ਹੈ।

## ਪਾਕਿ ਦੀ ਬਦਹਾਲ ਸਰਕਾਰੀ ਏਅਰਲਾਈਨ ਨੇ ਮੁਸਾਫਰਾਂ ਦੇ ਬਿਨਾਂ ਹੀ 46 ਉਡਾਣਾਂ ਭਰ ਲਈਆਂ

ਲਾਹੌਰ, 22 ਸਤੰਬਰ (ਪੋਸਟ ਬਿਊਰੋ)- ਹੱਦ ਤੋਂ ਬਾਹਲੇ ਮਾਇਕ ਸੰਕਟ ਵਿੱਚ ਫਸੀ ਹੋਈ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ (ਪੀ ਆਈ ਏ) ਦੇ ਜਹਾਜ਼ਾਂ ਨੇ 46 ਵਾਰ ਬਿਨਾਂ ਕਿਸੇ ਮੁਸਾਫਰਾਂ ਦੇ ਉਡਾਣਾਂ ਭਰ ਲਈਆਂ।

ਮਿਲੀ ਜਾਣਕਾਰੀ ਅਨੁਸਾਰ 2016-17 ਵਿੱਚ ਇਨ੍ਹਾਂ ਉਡਾਣਾਂ ਉਤੇ ਪੀ ਆਈ ਏ ਦਾ 11 ਲੱਖ ਡਾਲਰ ਨੁਕਸਾਨ ਹੋਇਆ। ਪਿਛਲੇ ਮਹੀਨੇ ਪੀ ਆਈ ਏ ਦੇ ਖਰਚ ਵਿੱਚ ਕਟੌਤੀ ਵਾਸਤੇ ਕਈ ਕਦਮ ਚੁੱਕੇ ਗਏ ਅਤੇ ਵੱਡੀ ਗਿਣਤੀ ਵਿੱਚ ਸਟਾਫ ਨੂੰ ਨੌਕਰੀਆਂ ਤੋਂ ਹਟਾਇਆ ਗਿਆ ਸੀ। ਇਹ ਅੰਕੜੇ ਇੱਕ ਆਡਿਟ ਰਿਪੋਰਟ ਵਿੱਚ ਸਾਹਮਣੇ ਆਏ, ਜਿਸ ਵਿੱਚ ਕਿਹਾ ਗਿਆ ਕਿ ਇਸਲਾਮਾਬਾਦ ਤੋਂ 46 ਵਾਰ ਖਾਲੀ ਉਡਾਣਾਂ ਭਰਨ ਨਾਲ ਪਾਕਿਸਤਾਨ ਦੀ ਸਰਕਾਰੀ ਏਅਰਲਾਈਨਜ਼ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਪੀ



ਆਈ ਏ ਨੇ ਇਹ ਖਾਲੀ ਉਡਾਣਾਂ ਸਾਲ 2016 ਤੋਂ 2017 ਵਿਚਾਲੇ ਭਰੀਆਂ, ਜਿਸ ਕਾਰਨ ਉਸ ਨੂੰ 18 ਕਰੋੜ ਰੁਪਏ ਘਾਟਾ ਸਹਿਣਾ ਪਿਆ। ਪ੍ਰਸ਼ਾਸਨ ਨੂੰ ਇਸ ਦੀ ਜਾਣਕਾਰੀ ਮਿਲਣ ਤੋਂ ਬਾਅਦ ਵੀ ਕੋਈ ਜਾਂਚ ਨਹੀਂ ਕੀਤੀ ਗਈ। ਰਿਪੋਰਟ ਮੁਤਾਬਕ ਇਨ੍ਹਾਂ ਖਾਲੀ ਉਡਾਣਾਂ ਤੋਂ ਇਲਾਵਾ ਹੱਜ ਯਾਤਰਾ ਦੀਆਂ 36 ਹੱਜ ਉਡਾਣਾਂ ਵੀ ਬਿਨਾਂ ਕਿਸੇ ਯਾਤਰੀ ਤੋਂ ਚੱਲੀਆਂ। ਪੀ ਆਈ ਏ ਦੀ ਖਸਤਾ ਹਾਲਤ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਪਿਛਲੇ ਇੱਕੋ ਮਹੀਨੇ 'ਚ ਏਅਰਲਾਈਨਜ਼ ਦੇ ਲਗਭਗ 1000 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਤੇ ਕੁਝ ਪਾਇਲਟਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਪੀ ਆਈ ਏ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਏਅਰ ਮਾਰਸ਼ਲ ਅਰਸ਼ਦ ਮਲਿਕ ਨੇ ਵਿੱਤ ਮੰਤਰੀ ਦੇ ਸਲਾਹਕਾਰ ਅਬਦੁਲ ਹਫੀਜ਼ ਸ਼ੇਖ ਨਾਲ ਬੈਠਕ ਦੌਰਾਨ ਇਨ੍ਹਾਂ ਫੈਸਲਿਆਂ ਦੀ ਜਾਣਕਾਰੀ ਦਿੱਤੀ ਸੀ।

## ਜਲਵਾਯੂ ਪਰਿਵਰਤਨ ਬਾਰੇ ਦੁਨੀਆ ਭਰ ਵਿੱਚ ਪ੍ਰਦਰਸ਼ਨ

ਨਿਊ ਯਾਰਕ, 22 ਸਤੰਬਰ (ਪੋਸਟ ਬਿਊਰੋ)- ਜਲਵਾਯੂ ਸੰਕਟ ਦੂਰ ਕਰਨ ਲਈ ਦੁਨੀਆ ਦੇ 163 ਦੇਸ਼ਾਂ ਵਿੱਚ ਚਾਲੀ ਲੱਖ ਤੋਂ ਵੱਧ ਲੋਕਾਂ ਨੇ ਸੜਕਾਂ 'ਤੇ ਆ ਕੇ ਪ੍ਰਦਰਸ਼ਨ ਕੀਤਾ। ਇਹ ਪ੍ਰਬੰਧਕਾਂ ਦਾ ਅੰਦਾਜ਼ਾ ਹੈ। ਸ਼ੁੱਕਰਵਾਰ ਨੂੰ 7370 ਤੋਂ ਵੱਧ ਵੈਬਸਾਈਟਾਂ ਬੰਦ ਹੋ ਗਈਆਂ ਤੇ ਜਲਵਾਯੂ ਪਰਿਵਰਤਨ ਹੜਤਾਲ ਨੂੰ ਸਮਰਥਨ ਦੇਣ ਲਈ ਕਰੀਬ 300 ਕੰਪਨੀਆਂ ਨੇ ਵੀ ਆਪਣੀ ਕੰਪਨੀ ਬੰਦ ਰੱਖੀ। ਜਕਾਰਤਾ ਤੋਂ ਨਿਊ ਯਾਰਕ ਸਿਟੀ, ਕਰਾਚੀ ਤੋਂ ਅਮਾਨ ਤੱਕ, ਬਰਲਿਨ ਤੋਂ ਕੰਪਾਲਾ ਤੱਕ, ਇਸਤਾਂਬੁਲ ਤੋਂ ਕਿਊਬੇਕ ਤੱਕ, ਗਵਾਡਲਾਜਾਰਾ ਤੋਂ ਅਸੁਨਸਿਆਨ ਤੱਕ, ਵੱਡੇ ਸ਼ਹਿਰਾਂ ਅਤੇ ਛੋਟੇ ਪਿੰਡਾਂ 'ਚ ਲੱਖਾਂ ਲੋਕ ਇਕੱਠੇ ਹੋ ਕੇ ਜਲਵਾਯੂ ਰੱਖਿਆ ਲਈ ਆਵਾਜ਼ ਬੁਲੰਦ ਕਰ ਰਹੇ ਹਨ। 350 ਡਾਟ ਆਰਗ ਦੇ ਕਾਰਜਕਾਰੀ ਡਾਇਰੈਕਟਰ ਮੇਅ ਬੋਇਵ ਨੇ ਕਿਹਾ ਕਿ ਕੱਲ੍ਹ ਅਸੀਂ ਇੱਕ ਅੰਦੋਲਨ ਦੇਖਿਆ ਹੈ, ਜਿਸ ਵਿੱਚ ਹਰ ਉਮਰ ਅਤੇ ਵੱਖ-ਵੱਖ ਥਾਵਾਂ ਦੇ ਲੋਕ ਸ਼ਾਮਲ ਹਨ।

## ਹਥਿਆਰਾਂ ਦੀ ਸਮੱਗਲਿੰਗ ਦੇ ਸ਼ੱਕ ਵਿੱਚ ਅਮਰੀਕੀ ਪਾਇਲਟ ਚੀਨ ਵਿੱਚ ਕਾਬੂ

ਬੀਜਿੰਗ, 22 ਸਤੰਬਰ (ਪੋਸਟ ਬਿਊਰੋ)- ਚੀਨ ਦੇ ਦੱਖਣੀ ਸ਼ਹਿਰ ਗਵਾਂਗਝੂ 'ਚ ਬੀਤੇ ਹਫਤੇ ਇਕ ਅਮਰੀਕੀ ਪਾਇਲਟ ਨੂੰ ਹਥਿਆਰਾਂ ਦੀ ਸਮੱਗਲਿੰਗ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਇਹ ਪਾਇਲਟ ਅਮਰੀਕਾ ਦੀ ਬਹੁ ਕੌਮੀ ਕੋਰੀਅਰ ਕੰਪਨੀ ਫੈਡੇਕਸ ਲਈ ਕੰਮ ਕਰਦਾ ਹੈ।

ਇਸ ਸੰਬੰਧ ਵਿੱਚ ਕੱਲ੍ਹ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਦੱਸਿਆ ਕਿ ਪਾਇਲਟ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ ਹੈ। ਅਮਰੀਕੀ ਮੀਡੀਆ ਮੁਤਾਬਕ ਹਿਰਾਸਤ ਵਿੱਚ ਲਏ ਗਏ ਪਾਇਲਟ ਦੀ ਪਛਾਣ ਟਾਡ ਹੋਹਨ ਦੇ ਰੂਪ ਵਿੱਚ ਕੀਤੀ ਗਈ ਹੈ। ਉਹ ਅਮਰੀਕੀ ਹਵਾਈ ਫੌਜ ਦੇ ਪਾਇਲਟ ਵੀ ਰਹਿ ਚੁੱਕੇ ਹਨ। ਉਨ੍ਹਾਂ ਨੂੰ ਬੀਤੀ 12 ਸਤੰਬਰ ਨੂੰ ਗਵਾਂਗਝੂ ਹਵਾਈ ਅੱਡੇ 'ਚ ਓਦੋਂ ਫੜਿਆ ਗਿਆ, ਜਦੋਂ ਉਹ ਹਾਂਗਕਾਂਗ ਜਾਣ ਦੀ ਤਿਆਰੀ ਕਰ ਰਹੇ ਸਨ। ਕਸਟਮ ਅਧਿਕਾਰੀਆਂ ਨੂੰ ਉਨ੍ਹਾਂ ਦੇ ਸਾਮਾਨ ਵਿਚਲੇ ਬਾਕਸ ਤੋਂ



ਏਅਰਗੰਨ ਦੀਆਂ 681 ਗੋਲੀਆਂ ਮਿਲੀਆਂ ਸਨ। ਜਾਂਚ ਪੂਰੀ ਹੋਣ ਤੱਕ ਪਾਇਲਟ ਨੂੰ ਚੀਨ ਦੇ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ। ਚੀਨੀ ਬੁਲਾਰੇ ਨੇ ਦੱਸਿਆ ਕਿ ਪਾਇਲਟ ਨੂੰ ਫੜੇ ਜਾਣ ਤੋਂ ਬਾਅਦ ਅਮਰੀਕੀ ਦੂਤਘਰ ਨੂੰ ਜਾਣਕਾਰੀ ਦੇ ਦਿੱਤੀ ਗਈ ਸੀ, ਜਦ ਕਿ ਫੈਡੇਕਸ ਨੇ ਕਿਹਾ, 'ਅਸੀਂ ਕੇਸ ਨੂੰ ਸਮਝਣ ਲਈ ਸਬੰਧਤ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।' ਇਹ ਪਾਇਲਟ ਅਜਿਹੇ ਸਮੇਂ ਫੜਿਆ ਗਿਆ ਹੈ ਜਦੋਂ ਚੀਨ ਤੇ ਅਮਰੀਕਾ ਵਿਚਾਲੇ ਪਹਿਲਾਂ ਹੀ ਟ੍ਰੇਡ ਵਾਰ ਚੱਲ ਰਹੀ ਹੈ ਤੇ ਇਹ ਮਾਮਲਾ ਇਸ ਨੂੰ ਹਵਾ ਦੇ ਸਕਦਾ ਹੈ।

## ਅਮਰੀਕਾ ਦੇ ਐਲਾਨ ਤੋਂ ਬਾਅਦ ਈਰਾਨ ਵੀ ਭੜਕਿਆ

ਦੁਬਈ, 22 ਸਤੰਬਰ (ਪੋਸਟ ਬਿਊਰੋ)- ਖਾੜੀ ਦੇ ਦੇਸ਼ਾਂ ਵਿੱਚ ਅਮਰੀਕੀ ਫੌਜੀਆਂ ਦੀ ਗਿਣਤੀ ਵਧਾਏ ਜਾਣ ਦੇ ਐਲਾਨ ਨਾਲ ਈਰਾਨ ਭੜਕ ਗਿਆ ਅਤੇ ਉਸ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਉਤੇ ਕਿਸੇ ਵੀ ਤਰ੍ਹਾਂ ਹਮਲਾ ਕੀਤਾ ਗਿਆ ਤਾਂ ਉਹ ਹਮਲਾ ਕਰਨ ਵਾਲੇ ਦੇਸ਼ ਨੂੰ ਤਬਾਹ ਕਰ ਦੇਵੇਗਾ।



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਊਦੀ ਅਰਬ ਦੀ ਹਵਾਈ ਅਤੇ ਮਿਜ਼ਾਈਲ ਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵਾਧੂ ਅਮਰੀਕੀ ਫੌਜੀ ਭੇਜਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਕਦਮ ਇੱਕ ਹਫਤਾ ਪਹਿਲਾਂ ਸਾਊਦੀ ਅਰਬ ਦੀ ਤੇਲ ਕੰਪਨੀ ਅਰੈਮਕੋ ਦੇ ਦੋ ਪਲਾਂਟਾਂ ਉੱਤੇ ਹੋਏ ਡਰੋਨ ਹਮਲੇ ਦੇ ਬਾਅਦ ਚੁੱਕਿਆ ਗਿਆ ਹੈ। ਅਮਰੀਕਾ ਅਤੇ ਸਾਊਦੀ ਅਰਬ ਨੇ ਇਸ ਹਮਲੇ ਲਈ ਈਰਾਨ ਨੂੰ ਜ਼ਿੰਮੇਵਾਰ ਕਿਹਾ ਹੈ, ਪਰ ਇਰਾਨ ਦਾ ਕਹਿਣਾ ਹੈ ਕਿ ਉਸ ਦਾ ਇਸ ਵਿੱਚ ਕੋਈ ਹੱਥ ਨਹੀਂ ਸੀ, ਇਸ ਹਮਲੇ ਦੀ ਜ਼ਿੰਮੇਵਾਰੀ ਯਮਨ ਦੇ ਈਰਾਨ ਪੱਖੀ ਹਾਊਦੀ ਬਾਗੀਆਂ ਨੇ ਲਈ ਹੈ।

ਹੋਰ ਜ਼ਿਆਦਾ ਅਮਰੀਕੀ ਫੌਜਾਂ ਦੀ ਤੈਨਾਤੀ ਦਾ ਐਲਾਨ ਉੱਤੇ ਈਰਾਨ ਦੀ ਵਿਸ਼ੇਸ਼ ਸੁਰੱਖਿਆ ਰੈਵੋਲਿਊਸ਼ਨਰੀ ਗਾਰਡ ਦੇ ਮੁਖੀ ਮੇਜਰ ਜਨਰਲ ਹੁਸੈਨ ਸਲਾਮੀ ਨੇ ਕੱਲ੍ਹ ਕਿਹਾ, 'ਸਾਵਧਾਨ ਰਹੋ। ਸੀਮਿਤ ਹਮਲਾ ਸੀਮਿਤ ਨਹੀਂ ਰਹੇਗਾ। ਅਸੀਂ ਹਮਲਾਵਰ ਦਾ ਉਦੋਂ ਤੱਕ ਪਿੱਛਾ ਕਰਾਂਗੇ, ਜਦੋਂ ਤੱਕ ਅਸੀਂ ਉਸ ਨੂੰ ਬਰਬਾਦ ਨਹੀਂ ਕਰ ਦੇਂਦੇ।' ਈਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜ਼ਰੀਫ ਨੇ ਟਵੀਟ ਕਰ ਕੇ ਕਿਹਾ ਕਿ ਜੇ ਕਿਸੇ ਨੇ ਸਾਡੀ ਸਰਹੱਦ ਟੱਪੀ ਤਾਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨੇ ਵਾਧੂ ਫੌਜਾਂ ਦੀ ਤੈਨਾਤੀ ਦਾ ਐਲਾਨ ਕਰਦੇ ਹੋਏ ਕਿਹਾ ਸੀ ਕਿ ਸਾਊਦੀ ਅਰਬ ਦੀ ਬੇਨਤੀ ਉੱਤੇ ਰਾਸ਼ਟਰਪਤੀ ਟਰੰਪ ਨੇ ਅਮਰੀਕੀ ਬਲਾਂ ਦੀ ਤੈਨਾਤੀ ਨੂੰ ਮਨਜ਼ੂਰੀ ਦਿੱਤੀ ਹੈ। ਉਹ ਸੁਰੱਖਿਆ ਲਈ ਤੈਨਾਤ ਹੋਣਗੇ। ਇਸ ਬਾਰੇ ਯੂ ਏ ਈ ਨੇ ਵੀ ਬੇਨਤੀ ਕੀਤੀ ਹੈ, ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿੰਨੀ ਗਿਣਤੀ ਵਿੱਚ ਅਮਰੀਕੀ ਫੌਜੀ ਭੇਜੇ ਜਾਣਗੇ।

ਈਰਾਨ ਦੇ ਰੈਵੋਲਿਊਸ਼ਨਰੀ ਗਾਰਡ ਦੇ ਮੁਖੀ ਮੇਜਰ ਜਨਰਲ ਹੁਸੈਨ ਸਲਾਮੀ ਨੇ ਡੇਗੇ ਗਏ ਅਮਰੀਕੀ ਡਰੋਨ ਦੇ ਟੁਕੜੇ ਕੱਲ੍ਹ ਦਿਖਾਏ। ਉਸ ਨੇ ਆਪਣੇ ਸਰਹੱਦੀ ਖੇਤਰ ਵਿੱਚ ਬੀਤੀ ਜੂਨ ਵਿੱਚ ਇਸ ਅਮਰੀਕੀ ਡਰੋਨ ਨੂੰ ਡੇਗਿਆ ਸੀ। ਇਸ ਤੋਂ ਬਾਅਦ ਟਰੰਪ ਨੇ ਈਰਾਨ ਉਤੇ ਹਮਲੇ ਦਾ ਹੁਕਮ ਦਿੱਤਾ ਸੀ, ਪਰ ਹਮਲੇ ਤੋਂ ਸਿਰਫ 10 ਮਿੰਟ ਪਹਿਲਾਂ ਉਹ ਇਸ ਤੋਂ ਪਿੱਛੇ ਹਟ ਗਏ ਸਨ। ਆਪਣੇ ਸਹਿਯੋਗੀ ਦੇਸ਼ ਸਾਊਦੀ ਅਰਬ ਦੇ ਤੇਲ ਪਲਾਂਟਾਂ ਉਤੇ ਹਮਲੇ ਪਿੱਛੋਂ ਅਮਰੀਕਾ ਨੇ ਈਰਾਨ 'ਤੇ ਕਈ ਨਵੀਆਂ ਪਾਬੰਦੀਆਂ ਲਾ ਦਿੱਤੀਆਂ ਹਨ। ਇਸ ਵਿੱਚ ਖਾਸ ਤੌਰ 'ਤੇ ਈਰਾਨ ਦੇ ਕੇਂਦਰੀ ਬੈਂਕ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਪਾਬੰਦੀਆਂ ਉੱਤੇ ਈਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਵਾਦ ਜਰੀਫ ਨੇ ਕਿਹਾ ਕਿ ਇਹ ਖਤਰਨਾਕ ਤੇ ਨਾ ਮੰਨਣ ਯੋਗ ਹਨ, ਕਿਉਂਕਿ ਇਹ ਈਰਾਨੀ ਨਾਗਰਿਕਾਂ ਦੇ ਭੋਜਨ ਤੇ ਦਵਾਈਆਂ ਹਾਸਲ ਕਰਨ ਦੇ ਰਾਹ 'ਚ ਰੁਕਾਵਟ ਪਾਉਣ ਦਾ ਯਤਨ ਹੈ।


FIRST CHOICE FINANCIAL LIMITED

TRUCK LOANS

ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



